## ਸ਼ਿਵ ਸੈਨਾ ਉਮੀਦਵਾਰ ਦੀ ਕਾਰ ’ਤੇ ਅਣਪਛਾਤੇ ਲੋਕਾਂ ਵੱਲੋਂ ਗੋਲੀ ਬਾਰੀ

ਮੁੰਬਈ, 20 ਨਵੰਬਰ (ਪ੍ਰਤੀਨਿਧੀ) : ਬੁੱਧਵਾਰ ਸਵੇਰੇ ਤਿੰਨ ਅਣਪਛਾਤੇ ਲੋਕਾਂ ਨੇ ਸ਼ਿਵ ਸੈਨਾ ਉਮੀਦਵਾਰ ਭਾਊ ਸਾਹਿਬ ਕਾਂਬਲੇ ਦੀ ਕਾਰ ’ਤੇ ਗੋਲੀਬਾਰੀ ਕੀਤੀ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਵੋਟਿੰਗ ਦੇ ਦਿਨ 2 ਮੋਟਰਸਾਈਕਲ ਸਵਾਰ ਤਿੰਨ ਲੋਕਾਂ ਨੇ ਅਸ਼ੋਕ ਚੀਨੀ ਮਿਲ ਕੋਲ ਕਾਂਬਲੇ ਦੀ ਕਾਰ ਨੂੰ ਨਿਸ਼ਾਨਾ ਬਣਾਇਆ। ਇਹ ਘਟਨਾ ਮਹਾਰਾਸ਼ਟਰ ਦੇ ਸ਼੍ਰੀਰਾਮਪੁਰ ’ਚ ਵਾਪਰੀ।

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਜਗਜੀਤ ਸਿੰਘ ‘ਦਰਦੀ’ ਸੰਪਾਦਕ : ਜਸਕੀਰਤ ਸਿੰਘ

## ਮਨੀਪੁਰ ਦੇ 7 ਜ਼ਿਲ੍ਹਿਆਂ ’ਚ 3 ਦਿਨ ਬੰਦ ਰਹਿਣਗੀਆਂ ਇੰਟਰਨੈਟ ਸੇਵਾਵਾਂ

ਇੰਫਾਲ, 20 ਨਵੰਬਰ (ਪ੍ਰਤੀਨਿਧੀ) : ਮਨੀਪੁਰ ਸਰਕਾਰ ਨੇ ਹਿੰਸਾ ਦੇ ਮੱਦੇਨਜ਼ਰ ਬੁੱਧਵਾਰ ਨੂੰ ਇਕ ਹੋਰ ਵੱਡਾ ਫ਼ੈਸਲਾ ਲਿਆ ਹੈ। ਸਰਕਾਰ ਵਲੋਂ ਮਨੀਪੁਰ ਦੇ ਸੱਤ ਜ਼ਿਲ੍ਹਿਆਂ ਵਿੱਚ ਮੋਬਾਈਲ ਇੰਟਰਨੈਟ ਸੇਵਾਵਾਂ ਦੀ ਮੁਅੱਤਲੀ ਨੂੰ ਤਿੰਨ ਦਿਨ ਹੋਰ ਵਧਾ ਦਿੱਤਾ ਗਿਆ ਹੈ। ਰਾਜ ਸਰਕਾਰ ਨੇ ਮੌਜੂਦਾ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਸਮੀਖਿਆ ਕਰਨ ਤੋਂ ਇੰਫਾਲ ਪੱਛਮੀ, ਬਿਸ਼ਨੂਪੁਰ, ਥੌਬਲ, ਕਾਕਚਿੰਗ, ਕੰਗਪੋਕਪੀ ਅਤੇ ਚੂਰਾਚੰਦਪੁਰ ਜ਼ਿਲ੍ਹਿਆਂ ਵਿੱਚ ਮੋਬਾਈਲ ਇੰਟਰਨੈਟ ਸੇਵਾਵਾਂ ਨੂੰ ਤਿੰਨ ਹੋਰ ਦਿਨਾਂ ਲਈ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ ਹੈ।

PRGI (RNI) Regd. No. 57283/1994 ਸਾਲ/ year 29 ਅੰਕ ਨੰ. Volume No : 322 ਨਵੀਂ ਦਿੱਲੀ, ਵੀਰਵਾਰ 21 ਨਵੰਬਰ, 2024, Thursday 21 November, 2024 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਕੇਜਰੀਵਾਲ ਨੇ ਆਬਕਾਰੀ ਨੀਤੀ ਨਾਲ ਜੁੜੇ ਮਾਮਲੇ ਬੰਦ ਕਰਨ ਲਈ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ

ਨਵੀਂ ਦਿੱਲੀ, 20 ਨਵੰਬਰ (ਅੰਮ੍ਰਿਤਪਾਲ ਸਿੰਘ) : ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਉਨ੍ਹਾਂ ਅਦਾਲਤ ਤੋਂ ਸ਼ਰਾਬ ਘੁਟਾਲੇ ਨਾਲ ਸਬੰਧਤ ਕੇਸ ਬੰਦ ਕਰਨ ਦੀ ਮੰਗ ਕੀਤੀ ਹੈ। ਕੇਜਰੀਵਾਲ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਸ਼ਿਕਾਇਤ ’ਤੇ ਨੋਟਿਸ ਲੈਣ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਦਲੀਲ ਦਿੱਤੀ ਹੈ ਕਿ ਇਸ ਦੀ ਕੋਈ ਮਨਜ਼ੂਰੀ ਨਹੀਂ ਹੈ। ਇਸ ਤੋਂ ਇਲਾਵਾ ਈਡੀ ਦੀ ਚਾਰਜਸ਼ੀਟ ’ਤੇ ਨੋਟਿਸ ਲੈਣ ਦੇ ਹੇਠਲੀ ਅਦਾਲਤ ਦੇ ਫੈਸਲੇ ਨੂੰ ਵੀ ਚੁਣੌਤੀ ਦਿੱਤੀ ਗਈ ਹੈ।

ਕੇਜਰੀਵਾਲ ਨੇ ਦਿੱਤੀ ਇਹ ਦਲੀਲ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗ ਕੀਤੀ ਹੈ ਕਿ ਹੇਠਲੀ ਅਦਾਲਤ ਵਿੱਚ ਉਨ੍ਹਾਂ ਖ਼ਿਲਾਫ਼ ਚੱਲ ਰਹੀ ਕਾਰਵਾਈ ਨੂੰ ਤੁਰੰਤ ਰੋਕਿਆ ਜਾਵੇ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਹੇਠਲੀ ਅਦਾਲਤ ਦੇ ਜੱਜ ਨੇ ਉਕਤ ਹੁਕਮ ਵਿੱਚ ਪੀਐਮਐਲਏ ਦੀ



ਧਾਰਾ 3 ਦੇ ਤਹਿਤ ਅਪਰਾਧ ਦਾ ਨੋਟਿਸ ਲੈਣ ਵਿੱਚ ਗਲਤੀ ਕੀਤੀ ਹੈ। ਮੁਕੱਦਮਾ ਚਲਾਉਣ ਲਈ ਸੀਆਰਪੀਸੀ ਦੀ ਧਾਰਾ 197 (1) ਦੇ ਤਹਿਤ ਪਹਿਲਾਂ ਤੋਂ ਮਨਜ਼ੂਰੀ ਲੈਣੀ ਜ਼ਰੂਰੀ ਹੈ। ਪਰ ਈਡੀ ਨੇ ਉਸ ਦੇ ਕੇਸ ਵਿੱਚ ਅਜਿਹਾ ਨਹੀਂ ਕੀਤਾ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਇਹ ਵਿਸ਼ੇਸ਼ ਤੌਰ ’ਤੇ ਜ਼ਰੂਰੀ ਹੈ ਕਿਉਂਕਿ ਅਰਵਿੰਦ ਕੇਜਰੀਵਾਲ ਕਥਿਤ ਅਪਰਾਧ ਦੇ ਸਮੇਂ ਇਕ ਜਨਤਕ ਸੇਵਕ (ਮੁੱਖ ਮੰਤਰੀ) ਸਨ।

ਕੀ ਹੈ ਪੂਰਾ ਮਾਮਲਾ ?

ਤੁਹਾਨੂੰ ਦੱਸ ਦੇਈਏ ਕਿ ਈਡੀ ਅਤੇ ਸੀਬੀਆਈ ਦਾ ਦੋਸ਼ ਹੈ ਕਿ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ਼ਰਾਬ ਦੇ ਵਪਾਰੀਆਂ ਨੂੰ ਨਾਜਾਇਜ਼ ਫਾਇਦਾ ਪਹੁੰਚਾਇਆ ਅਤੇ ਬਦਲੇ ਵਿੱਚ ਉਨ੍ਹਾਂ ਤੋਂ ਰਿਸ਼ਵਤ ਲਈ। ਇਹ ਪੈਸਾ ਪੰਜਾਬ ਅਤੇ ਗੋਆ ਚੋਣਾਂ ਲਈ ਵਰਤਿਆ ਗਿਆ ਸੀ। ਕੇਜਰੀਵਾਲ ਨੂੰ ਇਸ ਸਾਲ 21 ਮਾਰਚ ਨੂੰ ਇਸ ਮਾਮਲੇ ’ਚ ਗ੍ਰਿਫਤਾਰ ਕੀਤਾ ਗਿਆ ਸੀ। 12 ਜੁਲਾਈ 2024 ਨੂੰ ਸੁਪਰੀਮ ਕੋਰਟ ਨੇ ਈਡੀ ਨਾਲ ਸਬੰਧਤ ਮਾਮਲੇ ਵਿੱਚ ਅਰਵਿੰਦ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਸੀ। ਪਰ ਸੀਬੀਆਈ ਕੇਸ ਵਿੱਚ ਉਹ ਜੇਲ੍ਹ ਤੋਂ ਬਾਹਰ ਨਹੀਂ ਆ ਸਕਿਆ। ਬਾਅਦ ਵਿੱਚ 13 ਸਤੰਬਰ ਨੂੰ ਸੁਪਰੀਮ ਕੋਰਟ ਨੇ ਸੀਬੀਆਈ ਕੇਸ ਵਿੱਚ ਵੀ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਸੀ। ਅਰਵਿੰਦ ਕੇਜਰੀਵਾਲ ਤੋਂ ਇਲਾਵਾ ਸਾਬਕਾ ਡਿਪਟੀ ਸੀਐੱਮ ਮਨੀਸ਼ ਸਿਸੋਦੀਆ, ‘ਆਪ’ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਅਤੇ ਪਾਰਟੀ ਨੇਤਾ ਵਿਜੇ ਨਾਇਰ ਨੂੰ ਵੀ ਇਸੇ ਮਾਮਲੇ ’ਚ ਜੇਲ੍ਹ ਜਾਣਾ ਪਿਆ ਸੀ। ਇਨ੍ਹਾਂ ਸਾਰੇ ਆਗੂਆਂ ਨੂੰ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਦਿੱਲੀ ਹਾਈ ਕੋਰਟ ਵਿੱਚ 21 ਨਵੰਬਰ ਨੂੰ ਹੋਵੇਗੀ।

# ਭਾਰਤ-ਚੀਨ ਵਿਚਾਲੇ ਮਾਨਸਰੋਵਰ ਯਾਤਰਾ ਅਤੇ ਸਿੱਧੀਆਂ ਉਡਾਣਾਂ ਮੁੜ ਸ਼ੁਰੂ ਹੋਣਗੀਆਂ !

### ਜੈਸ਼ੰਕਰ ਨੇ ਬ੍ਰਾਜ਼ੀਲ ’ਚ ਜੀ-20 ਸੰਮੇਲਨ ਦੌਰਾਨ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਕੀਤੀ ਮੁਲਾਕਾਤ

ਰੀਓ ਡੀ ਜਿਨੇਰੀਓ, 20 ਨਵੰਬਰ (ਪ੍ਰਤੀਨਿਧੀ): ਭਾਰਤ ਅਤੇ ਚੀਨ ਦੇ ਵਿਦੇਸ਼ ਮੰਤਰੀਆਂ ਵਿਚਾਲੇ ਹਾਲ ਹੀ ਵਿੱਚ ਹੋਈ ਗੱਲਬਾਤ ਵਿੱਚ ਕੈਲਾਸ਼ ਮਾਨਸਰੋਵਰ ਯਾਤਰਾ ਨੂੰ ਮੁੜ ਸ਼ੁਰੂ ਕਰਨ ਬਾਰੇ ਚਰਚਾ ਹੋਈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਬ੍ਰਾਜ਼ੀਲ ’ਚ ਜੀ-20 ਸੰਮੇਲਨ ਦੌਰਾਨ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਵਿੱਚ ਸਰਹੱਦ ਪਾਰ ਦਰਿਆਵਾਂ ਦੇ ਅੰਕੜਿਆਂ ਨੂੰ ਸਾਂਝਾ ਕਰਨ, ਸਿੱਧੀਆਂ ਉਡਾਣਾਂ ਅਤੇ ਮੀਡੀਆ ਦੇ ਆਦਾਨ-ਪ੍ਰਦਾਨ ਵਰਗੇ ਮੁੱਦਿਆਂ ’ਤੇ ਵੀ ਚਰਚਾ ਕੀਤੀ ਗਈ।



ਕੈਲਾਸ਼ ਮਾਨਸਰੋਵਰ ਯਾਤਰਾ ਦਾ ਆਯੋਜਨ ਹਰ ਸਾਲ ਜੂਨ ਤੋਂ ਸਤੰਬਰ ਤੱਕ ਕੀਤਾ ਜਾਂਦਾ ਹੈ ਅਤੇ ਦੋ ਰੂਟਾਂ- ਲਿਪੁਲੇਖ ਦੱਰਾ (ਉਤਰਾਖੰਡ) ਅਤੇ ਨਾਥੂ-ਲਾ ਦੱਰਾ (ਸਿੱਕਮ) ਦੁਆਰਾ ਪੂਰਾ ਕੀਤਾ ਜਾਂਦਾ ਹੈ। ਕੈਲਾਸ਼ ਪਰਬਤ, ਜਿਸ ਨੂੰ ਭਗਵਾਨ ਸ਼ਿਵ ਦਾ ਨਿਵਾਸ ਮੰਨਿਆ ਜਾਂਦਾ ਹੈ, ਅਤੇ 15,015 ਫੁੱਟ ਦੀ ਉਚਾਈ ’ਤੇ ਸਥਿਤ ਪਵਿੱਤਰ ਮਾਨਸਰੋਵਰ ਝੀਲ ਹਿੰਦੂ, ਬੋਧੀ ਅਤੇ ਜੈਨ ਧਰਮ ਦੇ ਪੈਰੋਕਾਰਾਂ ਦੁਆਰਾ ਬਹੁਤ ਸਤਿਕਾਰਯੋਗ ਹੈ। ਔਖੇ ਰੂਟ ਅਤੇ ਮੌਸਮ ਦੇ ਮੱਦੇਨਜ਼ਰ, ਸਿਰਫ ਭਾਰਤੀ ਨਾਗਰਿਕ ਹੀ ਇਹ ਯਾਤਰਾ ਕਰਨ ਦੇ ਯੋਗ ਹਨ। ਉੱਤਰ ਪ੍ਰਦੇਸ਼ ਸਰਕਾਰ ਇਸ ਯਾਤਰਾ ਲਈ 1 ਲੱਖ ਰੁ. ਦੀ ਗ੍ਰਾਂਟ ਪ੍ਰਦਾਨ ਕਰਦੀ ਹੈ। ਦੋਹਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਇਸ ਗੱਲ ’ਤੇ ਸਹਿਮਤੀ ਜਤਾਈ ਕਿ ਸਰਹੱਦ ਤੋਂ ਫੌਜਾਂ ਦੀ ਵਾਪਸੀ ਨਾਲ ਸਥਿਰਤਾ ਬਣਾਈ ਰੱਖਣ ’ਚ ਮਦਦ ਮਿਲੀ ਹੈ। ਨਾਲ ਹੀ, ਸਰਹੱਦੀ ਖੇਤਰਾਂ ਵਿੱਚ ਸ਼ਾਂਤੀ ਬਹਾਲ ਕਰਨਾ ਦੋਵਾਂ ਦੇਸ਼ਾਂ ਦੇ ਸਬੰਧਾਂ ਵਿੱਚ ਸੁਧਾਰ ਲਈ ਇੱਕ ਮਹੱਤਵਪੂਰਨ ਕਦਮ ਹੋਵੇਗਾ। ਵਿਦੇਸ਼ ਸਕੱਤਰ ਅਤੇ ਉਪ ਮੰਤਰੀਆਂ ਵਿਚਕਾਰ ਜਲਦੀ ਹੀ ਮੀਟਿੰਗ ਕਰਵਾਉਣ ਲਈ ਵੀ ਸਹਿਮਤੀ ਬਣੀ। ਐਸ ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਚੀਨ ਵਿਚਾਲੇ ਮਤਭੇਦ ਦੇ ਨਾਲ-ਨਾਲ ਸਮਾਨਤਾਵਾਂ ਵੀ ਹਨ। ਦੋਵਾਂ ਦੇਸ਼ਾਂ ਨੇ ਬ੍ਰਿਕਸ, ਐਸਸੀਓ ਅਤੇ ਜੀ-20 ਵਰਗੇ ਮੰਚਾਂ ’ਤੇ ਰਚਨਾਤਮਕ ਢੰਗ ਨਾਲ ਕੰਮ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਬਹੁਧਰੁਵੀ ਸੰਸਾਰ ਅਤੇ ਬਹੁਧਰੁਵੀ ਏਸ਼ੀਆ ਦਾ ਸਮਰਥਨ ਕਰਦਾ ਹੈ ਅਤੇ ਇਸਦੀ ਵਿਦੇਸ਼ ਨੀਤੀ ਸੁਤੰਤਰ ਅਤੇ ਸਿਧਾਂਤਕ ਹੈ।

ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਵੀ ਭਾਰਤ-ਚੀਨ ਸਬੰਧਾਂ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਇਨ੍ਹਾਂ ਸਬੰਧਾਂ ਨੂੰ ਸਥਿਰ ਕਰਨਾ ਅਤੇ ਮਤਭੇਦਾਂ ਨੂੰ ਘਟਾਉਣਾ ਜ਼ਰੂਰੀ ਹੈ।

ਦੋਵਾਂ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਵਿਸ਼ਵ ਰਾਜਨੀਤੀ ਵਿੱਚ ਇਨ੍ਹਾਂ ਸਬੰਧਾਂ ਦਾ ਵਿਸ਼ੇਸ਼ ਮਹੱਤਵ ਹੈ ਅਤੇ ਸਬੰਧਾਂ ਨੂੰ ਸੁਧਾਰਨ ਲਈ ਠੋਸ ਕਦਮ ਚੁੱਕੇ ਜਾਣਗੇ।

## ਧੁੰਦ ਨੇ ਵਿਗਾੜੀ 100 ਤੋਂ ਜ਼ਿਆਦਾ ਟ੍ਰੇਨਾਂ ਦੀ ਚਾਲ, ਕਈ ਟ੍ਰੇਨਾਂ ਚੱਲ ਰਹੀਆਂ ਨੇ ਦੇਰੀ ਨਾਲ

ਨਵੀਂ ਦਿੱਲੀ, 20 ਨਵੰਬਰ (ਪ੍ਰਤੀਨਿਧੀ): ਦਿੱਲੀ-ਐੱਨਸੀਆਰ ਸਮੇਤ ਉੱਤਰ ਭ੍ਰਥਏਖੇਈ ਸੂਬਿਆਂ ’ਚ ਧੁੰਦ ਤੇ ਘੱਟ ਦ੍ਰਿਸ਼ਤਾ ਦੇ ਕਾਰਨ ਟ੍ਰੇਨਾਂ ਦੀ ਰਫਤਾਰ ਘੱਟ ਹੋ ਗਈ ਹੈ। ਐਕਸਪ੍ਰੈੱਸ-ਸੁਪਰਫਾਸਟ ਟ੍ਰੇਨਾਂ ਦੇ ਨਾਲ ਹੀ ਰਾਜਧਾਨੀ-ਸ਼ਤਾਬਦੀ ਵਰਗੀਆਂ ਵੀਆਈਪੀ ਟ੍ਰੇਨਾਂ ਵੀ ਘੰਟਿਆਂ ਲੇਟ ਚੱਲ ਰਹੀਆਂ ਹਨ। ਇਸਦੇ ਕਾਰਨ ਮੰਗਲਵਾਰ ਨੂੰ ਵੀ ਯਾਤਰੀਆਂ ਦੀ ਪਰੇਸ਼ਾਨੀ ਘੱਟ ਨਹੀਂ ਹੋਈ। ਦਿੱਲੀ ਆਉਣ ਤੇ ਇੱਥੋਂ ਜਾਣ ਵਾਲੀਆਂ ਲਗਪਗ 100 ਟ੍ਰੇਨਾਂ ਇਕ ਤੋਂ ਲੈ ਕੇ 27 ਘੰਟੇ ਤੱਕ ਦੇਰੀ ਨਾਲ ਚੱਲ ਰਹੀਆਂ ਹਨ। ਲੰਬੀ ਦੂਰੀ ਦੀਆਂ ਟ੍ਰੇਨਾਂ ਦੇ ਨਾਲ ਹੀ ਲੋਕਲ ਟ੍ਰੇਨਾਂ ਦੀ ਆਵਾਜਾਈ ਵੀ ਪ੍ਰਭਾਵਿਤ ਹੋ ਰਹੀ ਹੈ।ਦੇਰੀ ਨਾਲ ਦਿੱਲੀ ਪਹੁੰਚਣ ਦੇ ਕਾਰਨ ਕਈ ਟ੍ਰੇਨਾਂ ਦੇ ਰਵਾਨਗੀ ਸਮੇਂ ’ਚ ਬਦਲਾਅ ਕਰਨਾ ਪੈ ਰਿਹਾ ਹੈ। ਸਿਆਲਦਾਹ, ਹਾਵੜਾ, ਭੁਬਨੇਸ਼ਵਰ ਰਾਜਧਾਨੀ, ਕਾਨਪੁਰ ਸ਼ਤਾਬਦੀ ਸਮੇਤ ਕਈ ਟ੍ਰੇਨਾਂ ਦੇਰੀ ਨਾਲ ਰਵਾਨਾ ਹੋਈਆਂ।



## ਚੋਣ ਕਮਿਸ਼ਨ ਨੂੰ ਵੋਟਰ ਸੂਚੀ ’ਚ ਬੇਨਿਯਮੀਆਂ ਦੀ ਕਰਨੀ ਚਾਹੀਦੀ ਹੈ ਜਾਂਚ : ਗਡਕਰੀ

ਮੁੰਬਈ, 20 ਨਵੰਬਰ (ਪ੍ਰਤੀਨਿਧੀ) : ਵੋਟਰ ਸੂਚੀ ’ਚ ਨਾਂ ਜੋੜਨ ’ਚ ਬੇਨਿਯਮੀਆਂ ਦਾ ਹਵਾਲਾ ਦਿੰਦੇ ਹੋਏ ਕੇਂਦਰੀ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਨਿਤਿਨ ਗਡਕਰੀ ਨੇ ਬੁੱਧਵਾਰ ਨੂੰ ਚੋਣ ਕਮਿਸ਼ਨ ਤੋਂ ਵੋਟਰ ਰਜਿਸਟਰੇਸ਼ਨ ਪ੍ਰਕਿਰਿਆ ’ਚ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਕਰਨ ਦੀ ਅਪੀਲ ਕੀਤੀ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲਈ ਵੋਟਿੰਗ ਬੁੱਧਵਾਰ ਸਵੇਰੇ 7 ਵਜੇ ਤੋਂ ਜਾਰੀ ਹੈ। ਗਡਕਰੀ ਨੇ ਰਾਜ ਦੇ ਵਿਦਰਭ ਖੇਤਰ ’ਚ ਸਥਿਤ ਨਾਗਪੁਰ ਸ਼ਹਿਰ ’ਚ ਵੋਟਿੰਗ ਕੀਤੀ।



ਨਾਗਪੁਰ ’ਚ ਗਡਕਰੀ ਨੂੰ ਕਿਹਾ,”ਜਿਹੜੇ ਲੋਕਾਂ ਦੀ ਮੌਤ ਹੋ ਚੁੱਕੀ ਹੈ, ਅਜਿਹੇ ਕੁਝ ਲੋਕਾਂ ਦੇ ਨਾਂ ਅਜੇ ਵੀ ਵੋਟਰ ਸੂਚੀ ’ਚ ਹਨ, ਜਦੋਂ ਕਿ ਜਿਹੜੇ ਲੋਕਾਂ ਨੇ ਨਾਮਜ਼ਦਗੀ ਲਈ ਫਾਰਮ ਭਰਿਆ ਹੈ, ਉਨ੍ਹਾਂ ਦੇ ਨਾਂ ਨਹੀਂ ਹੈ। ਚੋਣ ਕਮਿਸ਼ਨ ਨੂੰ ਇਸ ’ਤੇ ਗੰਭੀਰਤਾ ਨਾਲ ਨੋਟਿਸ ਲੈਣਾ ਚਾਹੀਦਾ ਅਤੇ ਵੋਟਰ ਸੂਚੀ ’ਚ ਨਾਂ ਸ਼ਾਮਲ ਕਰਨ ਦੇ ਆਪਣੇ ਤਰੀਕਿਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ।” ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਣਾਲੀ ਕਈ ਲੋਕਾਂ ਨੂੰ ਨਿਰਾਸ਼ ਕਰ ਰਹੀ ਹੈ। ਉਨ੍ਹਾਂ ਕਿਹਾ,”ਇਹ ਪ੍ਰਣਾਲੀ ਉੱਚਿਤ ਨਹੀਂ ਹੈ ਅਤੇ ਕਈ ਲੋਕਾਂ ਨੇ ਮੇਰੇ ਨਾਲ ਆਪਣੀ ਨਿਰਾਸ਼ਾ ਜ਼ਾਹਰ ਕੀਤੀ ਹੈ। ਕਮਿਸ਼ਨ ਨੂੰ ਇਸ ਪ੍ਰਕਿਰਿਆ ਨੂੰ ਪੁਖਤਾ ਬਣਾਉਣਾ ਚਾਹੀਦਾ ਤਾਂ ਕਿ ਇਹ ਯਕੀਨੀ ਹੋ ਸਕੇ ਕਿ ਸਾਰੇ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦਾ ਉੱਚਿਤ ਮੌਕਾ ਮਿਲੇ।”

## ਪਾਕਿ ’ਚ ਅਤਿਵਾਦੀਆਂ ਹਮਲੇ ਦੌਰਾਨ 17 ਸੁਰੱਖਿਆ ਕਰਮੀ ਸ਼ਹੀਦ

ਪੇਸ਼ਾਵਰ, 20 ਨਵੰਬਰ (ਪ੍ਰਤੀਨਿਧੀ) : ਪਾਕਿਸਤਾਨ ਦੇ ਉੱਤਰ-ਪੱਛਮੀ ਖੈਬਰ ਪਖਤੂਨਖਵਾ ਸੂਬੇ ’ਚ ਇਕ ਸੰਯੁਕਤ ਜਾਂਚ ਚੌਕੀ ’ਤੇ ਆਤਮਘਾਤੀ ਹਮਲਾਵਰ ਨੇ ਵਿਸਫੋਟਕ ਨਾਲ ਭਰੇ ਵਾਹਨ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ 17 ਸੁਰੱਖਿਆ ਕਰਮਚਾਰੀ ਅਤੇ 6 ਅਤਿਵਾਦੀ ਮਾਰੇ ਗਏ। ਫੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਜ਼ ਪਬਲਿਕ ਰਿਲੇਸ਼ਨਜ਼ (ਆਈਐਸ ਪੀ ਆਰ) ਨੇ ਕਿਹਾ ਕਿ ਅਤਿਵਾਦੀਆਂ ਨੇ ਮੰਗਲਵਾਰ ਦੇਰ ਰਾਤ ਬੰਨੂ ਜ਼ਿਲ੍ਹੇ ਦੇ ਮਾਲੀਖੇਲ ਖੇਤਰ ਵਿੱਚ ਇੱਕ ਸਾਂਝੀ ਜਾਂਚ ਚੌਕੀ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਚੌਕੀ ਵਿੱਚ ਦਾਖਲ ਹੋਣ ਦੀ ਉਨ੍ਹਾਂ ਦੀ ਕੋਸ਼ਿਸ਼ ਨੂੰ ਜਵਾਨਾਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਨਾਕਾਮ ਕਰ ਦਿੱਤਾ।

ਆਈਐਸਪੀਆਰ ਨੇ ਕਿਹਾ ਕਿ ਆਤਮਘਾਤੀ ਧਮਾਕੇ ਕਾਰਨ ਘੇਰੇ ਦੀ ਕੰਧ ਦਾ ਕੁਝ ਹਿੱਸਾ ਢਹਿ ਗਿਆ ਅਤੇ ਨਾਲ ਲੱਗਦੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ, ਜਿਸ ਦੇ ਨਤੀਜੇ ਵਜੋਂ ਸੁਰੱਖਿਆ ਬਲਾਂ ਦੇ 10 ਸਿਪਾਹੀਆਂ ਅਤੇ ਫਰੰਟੀਅਰ ਕਾਂਸਟੇਬੁਲਰੀ ਦੇ ਦੋ ਸਿਪਾਹੀਆਂ ਸਮੇਤ 12 ਬਹਾਦਰ ਜਵਾਨਾਂ ਦੀ ਮੌਤ ਹੋ ਗਈ।ਇਸ ਤੋਂ ਬਾਅਦ ਹੋਈ ਗੋਲੀਬਾਰੀ ਵਿੱਚ ਉਨ੍ਹਾਂ ਵਿੱਚੋਂ ਛੇ ਅਤਿਵਾਦੀਆਂ ਦੀ ਵੀ ਮੌਤ ਹੋ ਗਈ। ਥਿੰਕ ਟੈਂਕ ਸੈਂਟਰ ਫਾਰ ਰਿਸਰਚ ਐਂਡ ਸਕਿਓਰਿਟੀ ਸਟੱਡੀਜ਼ (ਸੀਆਰਐਸਐਸ) ਦੇ ਅਨੁਸਾਰ ਮੌਜੂਦਾ ਸਾਲ ਦੀ ਤੀਜੀ ਤਿਮਾਹੀ ਵਿੱਚ ਪਾਕਿਸਤਾਨ ਵਿੱਚ ਹਿੰਸਾ ਵਿੱਚ 90 ਪ੍ਰਤੀਸ਼ਤ ਵਾਧਾ ਹੋਇਆ ਹੈ।

## ਭਾਰਤ ਨੇ ਚੀਨ ਨੂੰ ਹਰਾ ਕੇ ਲਗਾਤਾਰ ਦੂਜੀ ਵਾਰ ਜਿੱਤਿਆ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦਾ ਖ਼ਿਤਾਬ

ਨਵੀਂ ਦਿੱਲੀ, 20 ਨਵੰਬਰ (ਪ੍ਰਤੀਨਿਧੀ): ਮਹਿਲਾ ਏਸ਼ੀਅਨ ਚੈਂਪੀਅਨਸ ਟਰਾਫੀ ਦੀ ਮੌਜੂਦਾ ਚੈਂਪੀਅਨ ਭਾਰਤੀ ਮਹਿਲਾ ਹਾਕੀ ਟੀਮ ਨੇ ਆਪਣੇ ਖਿਤਾਬ ਦਾ ਬਚਾਅ ਕਰਦੇ ਹੋਏ ਲਗਾਤਾਰ ਦੂਜੀ ਵਾਰ ਖਿਤਾਬ ਜਿੱਤ ਲਿਆ ਹੈ। ਇਸ ਦੇ ਨਾਲ ਹੀ ਤੀਜੀ ਵਾਰ ਟੂਰਨਾਮੈਂਟ ਦਾ ਫਾਈਨਲ ਖੇਡਣ ਵਾਲੀ ਚੀਨ ਦੀ ਟੀਮ ਇਕ ਵਾਰ ਫਿਰ ਖਾਲੀ ਹੱਥ ਰਹੀ। ਭਾਰਤੀ ਹਾਕੀ ਟੀਮ ਨੇ ਚੀਨ ਨੂੰ 1-0 ਨਾਲ ਹਰਾਇਆ। ਭਾਰਤ ਦਾ ਇਹ ਤੀਜਾ ਖਿਤਾਬ ਸੀ। ਭਾਰਤ ਨੇ ਕੋਰੀਆ ਦੀ ਬਰਾਬਰੀ ਕਰ ਲਈ ਹੈ।

ਭਾਰਤ ਨੇ ਤੀਜੇ ਕੁਆਰਟਰ ਵਿੱਚ ਇੱਕ ਗੋਲ ਕਰਕੇ 1-0 ਦੀ ਬੜ੍ਹਤ ਬਣਾਈ ਰੱਖੀ। 42ਵੇਂ ਮਿੰਟ ਵਿੱਚ ਇਸ ਬੜ੍ਹਤ ਨੂੰ ਦੁੱਗਣਾ ਕਰਨ ਦਾ ਮੌਕਾ ਸੀ ਪਰ ਦੀਪਿਕਾ ਨੇ ਇਸ ਨੂੰ ਗੁਆ ਦਿੱਤਾ।



ਭਾਰਤ ਨੂੰ ਮਿਲਿਆ ਪੈਨਲਟੀ ਸਟਰੋਕ 42ਵੇਂ ਮਿੰਟ ’ਚ ਚੀਨ ਮੈਚ ’ਤੇ ਫਿਰ ਤੋਂ ਕੰਟਰੋਲ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਪਿੱਛੇ ਤੋਂ ਖੇਡਣ ਦੀ ਕੋਸ਼ਿਸ਼ ਕਰ ਰਹੇ ਹਨ। ਡਿਫੈਂਸ ਤੋਂ ਇੱਕ ਲੰਬਾ ਪਾਸ ਅਤੇ ਭਾਰਤ ਨੇ ਗੇਂਦ ਨੂੰ ਦੂਰ ਕੱਟ ਦਿੱਤਾ ਅਤੇ ਕਾਊਂਟਰ ’ਤੇ ਚਲਾ ਗਿਆ।

ਦੀਪਿਕਾ ਸਰਕਲ ਵਿੱਚ ਦਾਖਲ ਹੋਈ, ਉਸਨੂੰ ਫਾਊਲ ਕੀਤਾ ਗਿਆ ਅਤੇ ਅੰਪਾਇਰ ਨੇ ਕਿਹਾ ਕਿ ਇਹ ਇੱਕ ਸਟ੍ਰੋਕ ਹੈ ! ਪਰ ਚੀਨ ਨੇ ਸਮੀਖਿਆ ਕੀਤੀ। ਸਮੀਖਿਆ ਵਿਅਰਥ ਗਈ ਅਤੇ ਸਟ੍ਰੋਕ ਰਿਹਾ ਅਤੇ ਦੀਪਿਕਾ ਦੀ ਕੋਸ਼ਿਸ਼ ਬੇਕਾਰ ਗਈ। ਗੋਲਕੀਪਰ ਲੀ ਟਿੰਗ ਨੇ ਸ਼ਾਨਦਾਰ ਬਚਾਅ ਕੀਤਾ।

## ਪੂਰੇ ਉੱਤਰ ਭਾਰਤ ’ਚ ਸੰਘਣੀ ਧੁੰਦ ਦੀ ਚਿਤਾਵਨੀ, ਠੰਢ ਵਧੀ

ਨਵੀਂ ਦਿੱਲੀ, 20 ਨਵੰਬਰ (ਜਸਕੀਰਤ ਸਿੰਘ) : ਉੱਤਰ-ਪੱਛਮ ਤੋਂ ਵਗਣ ਵਾਲੀਆਂ ਹਵਾਵਾਂ ਨੇ ਤੇਜ਼ੀ ਫੜ ਲਈ ਹੈ, ਜਿਸ ਕਾਰਨ ਧੁੰਦ ਫੈਲ ਰਹੀ ਹੈ। ਫਿਲਹਾਲ ਦਿੱਲੀ ਦੇ ਆਲੇ-ਦੁਆਲੇ ਦੀ ਧੁੰਦ ਪੱਛਮੀ ਉੱਤਰ ਪ੍ਰਦੇਸ਼ ਵੱਲ ਵਧ ਗਈ ਹੈ। ਅਗਲੇ ਦੋ-ਤਿੰਨ ਦਿਨਾਂ ਵਿੱਚ ਇਸ ਦਾ ਦਾਇਰਾ ਹੋਰ ਵਧ ਸਕਦਾ ਹੈ ਅਤੇ ਪੂਰਬੀ ਉੱਤਰ ਪ੍ਰਦੇਸ਼ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਇਸ ਦੌਰਾਨ ਦਿੱਲੀ ਵਿੱਚ ਦੋ ਦਿਨਾਂ ਤੋਂ ਫੈਲੀ ਧੂੰਏਂ ਤੋਂ ਲੋਕਾਂ ਨੂੰ ਕੁਝ ਰਾਹਤ ਮਿਲੀ ਹੈ।

ਧੁੰਦ ਕਾਰਨ ਦਿਨ ਅਤੇ ਰਾਤ ਦੇ ਤਾਪਮਾਨ ਵਿੱਚ ਅੰਤਰ

ਮੌਸਮ ਵਿਭਾਗ ਨੇ 20 ਅਤੇ 23 ਨਵੰਬਰ ਤੱਕ ਪੰਜਾਬ-ਹਰਿਆਣਾ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਵਿੱਚ ਸੰਘਣੀ ਧੁੰਦ ਦੀ ਚਿਤਾਵਨੀ ਦਿੱਤੀ ਹੈ। ਬਿਹਾਰ-ਝਾਰਖੰਡ ਵਿੱਚ ਬੱਦਲਾਂ ਦੇ ਨਾਲ ਧੁੰਦ ਵੀ ਪੈ ਸਕਦੀ ਹੈ। ਉੱਤਰੀ ਭਾਰਤ ਦੇ ਵੱਡੇ ਖੇਤਰਾਂ ਵਿੱਚ ਧੁੰਦ ਕਾਰਨ ਦਿਨ ਅਤੇ ਰਾਤ ਦੇ ਤਾਪਮਾਨ ਵਿੱਚ ਅੰਤਰ ਘੱਟ ਜਾਵੇਗਾ। ਧੁੱਪ ਕਮਜ਼ੋਰ ਹੋਵੇਗੀ ਅਤੇ ਠੰਢ ਹੌਲੀ-ਹੌਲੀ ਵਧੇਗੀ। ਮੌਸਮ ਵਿੱਚ ਵਿਆਪਕ ਪਸਾਰ ਦੀ ਸਥਿਤੀ ਬਣੀ ਹੋਈ ਹੈ।





ਕੁਝ ਇਲਾਕਿਆਂ ’ਚ ਪੈ ਸਕਦਾ ਹੈ ਮੀਂਹ

ਦੇਸ਼ ਦੇ ਤਿੰਨ ਕੋਨਿਆਂ ਵਿੱਚ ਤਿੰਨ ਚੱਕਰਵਾਤੀ ਹਾਲਾਤ ਬਣ ਰਹੇ ਹਨ। ਚੱਕਰਵਾਤੀ ਚੱਕਰ ਪੂਰਬ ਵਿੱਚ ਆਸਾਮ, ਪੱਛਮੀ-ਉੱਤਰ ਵਿੱਚ ਦੱਖਣੀ ਤਾਮਿਲਨਾਡੂ ਅਤੇ ਮੱਧ ਪਾਕਿਸਤਾਨ ਵਿੱਚ ਬਣ ਰਿਹਾ ਹੈ। ਬੰਗਾਲ ਦੀ ਖਾੜੀ ’ਤੇ 23 ਨਵੰਬਰ ਤੋਂ ਘੱਟ ਦਬਾਅ ਵੀ ਬਣ ਸਕਦਾ ਹੈ। ਇਸ ਦੇ ਪ੍ਰਭਾਵ ਕਾਰਨ ਦੇਸ਼ ਦੇ ਅੰਦਰੂਨੀ ਹਿੱਸਿਆਂ ਵਿੱਚ ਮੌਸਮ ਪ੍ਰਭਾਵਿਤ ਹੋਵੇਗਾ। ਦੋਵਾਂ ਪਾਸਿਆਂ ਤੋਂ ਆ ਰਹੀ ਹਵਾ ਆਪਸ ਵਿਚ ਟਕਰਾਏਗੀ ਅਤੇ ਵਾਯੂਮੰਡਲ ਵਿਚ ਨਮੀ ਦੀ ਮਾਤਰਾ ਵਧ ਜਾਵੇਗੀ, ਜਿਸ ਕਾਰਨ ਕੁਝ ਇਲਾਕਿਆਂ ਵਿਚ ਮੀਂਹ ਪੈ ਸਕਦਾ ਹੈ। ਇਸ ਕਾਰਨ ਸੰਘਣੀ ਧੁੰਦ ਦਾ ਖੇਤਰ ਹੋਰ ਚੌੜਾ ਹੋ ਸਕਦਾ ਹੈ।

ਆਈਐਮਡੀ ਨੇ ਅਗਲੇ ਕੁਝ ਦਿਨਾਂ ਵਿੱਚ ਪੰਜਾਬ, ਹਰਿਆਣਾ ਤੋਂ ਲੈ ਕੇ ਉੱਤਰ ਪ੍ਰਦੇਸ਼ ਅਤੇ ਬਿਹਾਰ-ਝਾਰਖੰਡ ਤੱਕ ਸੰਘਣੀ ਅਤੇ ਸੰਘਣੀ ਧੁੰਦ ਦੀ ਚਿਤਾਵਨੀ ਜਾਰੀ ਕੀਤੀ ਹੈ। ਪੰਜਾਬ ਅਤੇ ਹਰਿਆਣਾ ਵਿੱਚ 21 ਤੋਂ 23 ਨਵੰਬਰ ਤੱਕ ਤਿੰਨ ਦਿਨਾਂ ਤੱਕ ਬਹੁਤ ਸੰਘਣੀ ਧੁੰਦ ਬਣੀ ਰਹਿ ਸਕਦੀ ਹੈ, ਕਿਉਂਕਿ ਧੁੰਦ ਦੇ ਹਾਲਾਤ ਲਗਾਤਾਰ ਹਵਾ ਦੇ ਨਾਲ ਰਾਜਸਥਾਨ ਤੋਂ ਦੱਖਣ-ਪੂਰਬ ਵੱਲ ਵਧ ਰਹੇ ਹਨ।

**ਉੱਤਰ ਪ੍ਰਦੇਸ਼ ਦਾ ਵੱਡਾ ਹਿੱਸਾ ਧੁੰਦ ਦੀ ਲਪੇਟ ’ਚ**

ਵਰਤਮਾਨ ਵਿੱਚ, ਇਸ ਨੇ ਪੱਛਮੀ ਉੱਤਰ ਪ੍ਰਦੇਸ਼ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੈ। ਇਹ ਇੱਕ ਜਾਂ ਦੋ ਦਿਨਾਂ ਵਿੱਚ ਸੰਘਣਾ ਹੋ ਸਕਦਾ ਹੈ। ਘਣਤਾ ਥੋੜ੍ਹੀ ਘੱਟ ਹੋਵੇਗੀ, ਪਰ ਫੈਲਾਅ ਚੌੜਾ ਹੋਵੇਗਾ। ਮੌਸਮ ਵਿਗਿਆਨੀਆਂ ਅਨੁਸਾਰ ਭਾਰਤ ਵਿੱਚ ਸਖ਼ਤ ਸਰਦੀ ਉਦੋਂ ਹੀ ਸ਼ੁਰੂ ਹੁੰਦੀ ਹੈ ਜਦੋਂ ਪੱਛਮੀ ਗੜਬੜੀ ਕਾਰਨ ਪਹਾੜਾਂ ਵਿੱਚ ਸੰਘਣੀ ਬਰਫ਼ਬਾਰੀ ਹੁੰਦੀ ਹੈ। ਇਸ ਨਾਲ ਹਵਾ ਵਿੱਚ ਨਮੀ ਵੱਧ ਜਾਂਦੀ ਹੈ।

## ਪ੍ਰਸਾਦ ਦੇ ਸੈਂਪਲ ਫੇਲ੍ਹ ਹੋਣ ’ਤੇ ਬਾਬਾ ਬਾਲਕ ਨਾਥ ਮੰਦਰ ਦੀ ਕੰਟੀਨ ਬੰਦ

ਹਮੀਰਪੁਰ, 20 ਨਵੰਬਰ (ਪ੍ਰਤੀਨਿਧੀ): ਇੱਥੋਂ ਦੇ ਪ੍ਰਸਿੱਧ ਬਾਬਾ ਬਾਲਕ ਨਾਥ ਮੰਦਰ ਵਿੱਚ ਸ਼ਰਧਾਲੂਆਂ ਨੂੰ ਵੇਚੇ ਜਾ ਰਹੇ ਪ੍ਰਸਾਦ ਦੇ ਨਮੂਨੇ ਮਨੁੱਖਾਂ ਦੇ ਖਾਣ ਲਈ ਅਯੋਗ ਪਾਏ ਜਾਣ ਤੋਂ ਇੱਕ ਦਿਨ ਬਾਅਦ ਬਾਬਾ ਬਾਲਕ ਨਾਥ ਮੰਦਰ ਟਰੱਸਟ ਦੀ ਕੰਟੀਨ ਬੰਦ ਕਰ ਦਿੱਤੀ ਗਈ ਹੈ। ਇਸ ਦੇ ਮੈਨੇਜਮੈਂਟ ਨੇ ਬੁੱਧਵਾਰ ਨੂੰ ਕੰਟੀਨ ਬੰਦ ਕਰ ਦਿੱਤੀ ਅਤੇ ਕਿਹਾ ਕਿ ਇਸ ਦੀਆਂ ਸੇਵਾਵਾਂ ਆਊਟਸੋਰਸ ਕੀਤੀਆਂ/ਠੇਕੇ ਉਤੇ ਦਿੱਤੀਆਂ ਜਾਣਗੀਆਂ।

ਬੜਸਰ ਦੇ ਐਸਡੀਐਮ ਰਾਜਿੰਦਰ ਗੌਤਮ, ਜੋ ਬਾਬਾ ਬਾਲਕ ਨਾਥ ਮੰਦਰ ਟਰੱਸਟ ਦੇ ਚੇਅਰਮੈਨ ਵੀ ਹਨ, ਨੇ ਕਿਹਾ, “(ਮੰਦਰ) ਟਰੱਸਟ ਦੀ ਇੱਕ ਕੰਟੀਨ ਦੀਆਂ ਸੇਵਾਵਾਂ ਪਹਿਲਾਂ ਹੀ ਆਊਟਸੋਰਸ ਕੀਤੀਆਂ ਜਾ ਚੁੱਕੀਆਂ ਹਨ। ਦੂਜੀ ਕੰਟੀਨ ਦੀਆਂ ਸੇਵਾਵਾਂ ਨੂੰ ਵੀ ਆਊਟਸੋਰਸ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ।” ਇਸ ਕੰਟੀਨ ਨੂੰ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੇਵਾਵਾਂ ਨੂੰ ਆਊਟਸੋਰਸ ਕਰਨ ਲਈ ਟੈਂਡਰ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇਗੀ।





ਗ਼ੌਰਤਲਬ ਹੈ ਕਿ ਫੂਡ ਸੇਫਟੀ ਵਿਭਾਗ ਨੇ ਦੋ ਮਹੀਨੇ ਪਹਿਲਾਂ ਬਾਬਾ ਬਾਲਕ ਨਾਥ ਮੰਦਰ ਟਰੱਸਟ ਦੀ ਦੁਕਾਨ ’ਤੇ ‘ਪ੍ਰਸਾਦ’ ਵਜੋਂ ਵਿਕਣ ਵਾਲੇ ‘ਰੋਟਾਂ’ ਦੇ ਨਮੂਨੇ ਸੋਲਨ ਜ਼ਿਲ੍ਹੇ ਦੀ ਕੰਪੋਜ਼ਿਟ ਟੈਸਟਿੰਗ ਲੈਬਾਰਟਰੀ, ਕੰਡਾਘਾਟ ਨੂੰ ਜਾਂਚ ਲਈ ਭੇਜੇ ਸਨ। ਨਮੂਨੇ ਇਨਸਾਨੀ ਖਪਤ ਦੇ ਅਯੋਗ ਪਾਏ ਗਏ। ਇੱਕ ਨਿੱਜੀ ਦੁਕਾਨ ਤੋਂ ਲਏ ਗਏ ‘ਰੋਟਾਂ’ ਦੇ ਨਮੂਨੇ ਵੀ ਟੈਸਟ ਵਿੱਚ ਫੇਲ੍ਹ ਹੋ ਗਏ।

ਦੱਸਣਯੋਗ ਹੈ ਕਿ ਕਣਕ, ਖੰਡ ਅਤੇ ਘਿਓ ਨਾਲ ਬਣਾਏ ਜਾਂਦੇ ਇਨ੍ਹਾਂ ‘ਰੋਟਾਂ’ ਨੂੰ ਥੋਕ ਵਿੱਚ ਤਿਆਰ ਕੀਤਾ ਜਾਂਦਾ ਹੈ ਅਤੇ ਕਈ ਦਿਨਾਂ ਤੱਕ ਵੇਚਿਆ ਜਾਂਦਾ ਹੈ। ਅਧਿਕਾਰੀਆਂ ਅਨੁਸਾਰ ਇਸ ਕਾਰਨ ਇਹ ਬਾਸੀ ਹੋ ਜਾਂਦੇ ਹਨ। ‘ਪ੍ਰਸਾਦ’ ਵੇਚਣ ਵਾਲੀ ਮੁੱਖ ਕੰਟੀਨ ਮੰਦਰ ਟਰੱਸਟ ਵੱਲੋਂ ਆਪਣੀ ਸਥਾਪਨਾ ਦੇ ਵੇਲੇ ਤੋਂ ਹੀ ਚਲਾਈ ਜਾਂਦੀ ਸੀ ਅਤੇ ਚੰਗਾ ਕਾਰੋਬਾਰ ਕਰ ਰਹੀ ਸੀ। ਹਰ ਸਾਲ ਲਗਭਗ 50-75 ਲੱਖ ਲੋਕ ਬਾਬਾ ਬਾਲਕ ਨਾਥ ਮੰਦਰ ਜਾਂਦੇ ਹਨ ਅਤੇ ‘ਰੋਟ’, ਮਠਿਆਈਆਂ ਅਤੇ ਹੋਰ ਚੀਜ਼ਾਂ ਚੜ੍ਹਾਉਂਦੇ ਹਨ।

## ਕੇਂਦਰ ਸਰਕਾਰ ਵੱਲੋਂ ਕਰੋੜਾਂ ਫ਼ਰਜ਼ੀ ਰਾਸ਼ਨ ਕਾਰਡ ਰੱਦ

ਨਵੀਂ ਦਿੱਲੀ , 20 ਨਵੰਬਰ (ਪ੍ਰਤੀਨਿਧੀ): ਕੇਂਦਰੀ ਖੁਰਾਕ ਮੰਤਰਾਲਾ ਨੇ ਬੁੱਧਵਾਰ ਨੂੰ ਕਿਹਾ ਕਿ ਸਰਕਾਰ ਦੇ ਵੱਡੇ ਪੱਧਰ ’ਤੇ ਡਿਜੀਟਲੀਕਰਨ ਦੇ ਯਤਨਾਂ ਨਾਲ ਦੇਸ਼ ਵਿਚ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਵਿਚ ਬਹੁਤ ਬਦਲਾਅ ਆਇਆ ਹੈ ਅਤੇ 5.8 ਕਰੋੜ ਫਰਜ਼ੀ ਰਾਸ਼ਨ ਕਾਰਡ ਰੱਦ ਕੀਤੇ ਗਏ ਹਨ। ਇਸ ਨਾਲ ਗਲੋਬਲ ਪੱਧਰ ’ਤੇ ਖੁਰਾਕ ਸੁਰੱਖਿਆ ਪ੍ਰੋਗਰਾਮਾਂ ਲਈ ਨਵੇਂ ਮਾਨਕ ਸਥਾਪਤ ਹੋਏ ਹਨ। ਮੰਤਰਾਲਾ ਨੇ ਬਿਆਨ ’ਚ ਕਿਹਾ ਕਿ 80.6 ਕਰੋੜ ਲਾਭਪਾਤਰੀਆਂ ਨੂੰ ਸੇਵਾ ਪ੍ਰਦਾਨ ਕਰਨ ਵਾਲੀ ਪੀਡੀਐੱਸ ਪ੍ਰਣਾਲੀ ’ਚ ਸੁਧਾਰ ਦੇ ਅਧੀਨ ਆਧਾਰ ਰਾਹੀਂ ਵੈਰੀਫਿਕੇਸ਼ਨ ਅਤੇ ਇਲੈਕਟ੍ਰਾਨਿਕ ਰੂਪ ਨਾਲ ਆਪਣੇ ਗਾਹਕ ਨੂੰ ਜਾਣੋ (ਈ-ਕੇਵਾਈਸੀ) ਦੀ ਵਿਵਸਥਾ ਨਾਲ 5.8 ਕਰੋੜ ਨਕਲੀ ਰਾਸ਼ਨ ਕਾਰਡ ਹਟਾਏ ਜਾ ਸਕੇ ਹਨ। ਬਿਆਨ ਅਨੁਸਾਰ,”ਇਨ੍ਹਾਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਗੜਬੜੀ ’ਚ ਕਾਫ਼ੀ ਕਮੀ ਆਈ ਹੈ ਅਤੇ ਟਾਰਗੇਟ ਲੋਕਾਂ ਤੱਕ ਪਹੁੰਚ ’ਚ ਵਾਧਾ ਹੋਇਆ ਹੈ।”





ਮੰਤਰਾਲਾ ਅਨੁਸਾਰ ਲਗਭਗ ਸਾਰੇ 20.4 ਕਰੋੜ ਰਾਸ਼ਨ ਕਾਰਡ ਡਿਜੀਟਲ ਕਰ ਦਿੱਤੇ ਗਏ ਹਨ। ਇਨ੍ਹਾਂ ’ਚੋਂ 99.8 ਫੀਸਦੀ ਆਧਾਰ ਨਾਲ ਜੁੜੇ ਹਨ ਅਤੇ 98.7 ਫੀਸਦੀ ਲਾਭਪਾਤਰੀਆਂ ਦੀ ਪਛਾਣ ਦਾ ਵੈਰੀਫਿਕੇਸ਼ਨ ਬਾਇਓਮੈਟ੍ਰਿਕ ਮਾਧਿਅਮ ਨਾਲ ਕੀਤਾ ਗਿਆ ਹੈ। ਬਿਆਨ ਅਨੁਸਾਰ, ਦੇਸ਼ ਭਰ ’ਚ ਉੱਚਿਤ ਮੁੱਲ ਦੀਆਂ ਦੁਕਾਨਾਂ ’ਤੇ 5.33 ਲੱਖ ਈ-ਪੀਓਐੱਸ (ਇਲੈਕਟ੍ਰਾਨਿਕ ਪੁਆਇੰਟ ਆਫ ਸੇਲ) ਉਪਕਰਣ ਲਗਾਏ ਗਏ ਹਨ। ਇਸ ਰਾਹੀਂ ਅਨਾਜ ਦੀ ਵੰਡ ਦੌਰਾਨ ਆਧਾਰ ਰਾਹੀਂ ਵੈਰੀਫਿਕੇਸ਼ਨ ਦੇ ਨਾਲ ਇਹ ਯਕੀਨੀ ਕੀਤਾ ਜਾ ਰਿਹਾ ਹੈ ਕਿ ਰਾਸ਼ਨ ਦੀ ਵੰਡ ਸਹੀ ਵਿਅਕਤੀ ਤੱਕ ਹੋਵੇ।

ਸਰਕਾਰ ਦੀ ਈ-ਕੇਵਾਈਸੀ ਪਹਿਲ ਰਾਹੀਂ ਪਹਿਲੇ ਹੀ ਕੁੱਲ ਪੀਡੀਐੱਸ ਲਾਭਪਾਤਰੀਆਂ ’ਚੋਂ 64 ਫੀਸਦੀ ਦੀ ਵੈਰੀਫਿਕੇਸ਼ਨ ਹੋ ਚੁੱਕੀ ਹੈ। ‘ਇਕ ਦੇਸ਼ ਇਕ ਰਾਸ਼ਨ ਕਾਰਡ’ ਯੋਜਨਾ ਨਾਲ ਦੇਸ਼ ਭਰ ’ਚ ਰਾਸ਼ਨ ਕਾਰਡ ਦੀ ‘ਪੋਰਟੇਬਿਲਟੀ’ ਸੰਭਵ ਹੋਈ ਹੈ। ਇਸ ਨਾਲ ਲਾਭਪਾਤਰੀਆਂ ਨੂੰ ਆਪਣੇ ਮੌਜੂਦਾ ਕਾਰਡ ਦਾ ਉਪਯੋਗ ਕਰ ਕੇ ਦੇਸ਼ ’ਚ ਕਿਤੇ ਵੀ ਰਾਸ਼ਨ ਲੈਣ ਦੀ ਸਹੂਲਤ ਮਿਲੀ ਹੈ।

# ਸੰਪਾਦਕੀ

## ਸਾਰਥਕ ਕਦਮ

ਦੁਨੀਆ ਇਸ ਸਮੇਂ ਜਿਸ ਤਰ੍ਹਾਂ ਦੇ ਉਥਲ-ਪੁਥਲ 'ਚੋਂ ਗੁਜ਼ਰ ਰਹੀ ਹੈ, ਉਸ 'ਚ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ 'ਚ ਆਯੋਜਿਤ ਜੀ-20 ਸੰਮੇਲਨ ਦਾ ਆਪਣਾ ਮਹੱਤਵ ਹੈ । ਜਦੋਂ ਦੁਨੀਆਂ ਦੇ ਪ੍ਰਭਾਵਸ਼ਾਲੀ ਦੇਸ਼ਾਂ ਦੇ ਚੋਟੀ ਦੇ ਨੇਤਾ ਇਕੱਠੇ ਹੁੰਦੇ ਹਨ ਤਾਂ ਇੱਕ ਆਮ ਉਮੀਦ ਹੁੰਦੀ ਹੈ ਕਿ ਅਜੋਕੇ ਸੰਸਾਰ ਵਿੱਚ ਜਿਸ ਤਰ੍ਹਾਂ ਦੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ, ਉਨ੍ਹਾਂ ਦੇ ਸੰਕਟ ਵਿੱਚ ਬਦਲਣ ਦੀ ਸੰਭਾਵਨਾ ਹੈ, ਇਸ ਲਈ ਅਜਿਹੀ ਸਥਿਤੀ ਵਿੱਚ ਉਨ੍ਹਾਂ ਦਾ ਕੋਈ ਠੋਸ ਹੱਲ ਨਿਕਲਿਆ। ਪਰ ਆਮ ਤੌਰ 'ਤੇ ਅਜਿਹਾ ਹੁੰਦਾ ਹੈ ਕਿ ਅਜਿਹੀਆਂ ਹਰ ਅੰਤਰਰਾਸ਼ਟਰੀ ਮੀਟਿੰਗਾਂ ਤੋਂ ਬਾਅਦ ਲਏ ਗਏ ਮਤੇ ਅੱਧੇ-ਅਧੂਰੇ ਰਹਿ ਜਾਂਦੇ ਹਨ ਜਾਂ ਭਵਿੱਖ ਵਿੱਚ ਅਣਡਿੱਠ ਕਰ ਦਿੱਤੇ ਜਾਂਦੇ ਹਨ । ਸਵਾਲ ਇਹ ਹੈ ਕਿ ਕੀ ਗੰਭੀਰ ਸਮੱਸਿਆਵਾਂ ਦਾ ਹੱਲ ਗੈਰ-ਗੰਭੀਰ ਜਾਂ ਅਣਗੌਲੇ ਢੰਗ ਨਾਲ ਲੱਭਿਆ ਜਾ ਸਕਦਾ ਹੈ ? ਇਸ ਵਾਰ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਵਿਸ਼ਵ ਪੱਧਰ 'ਤੇ ਚੁਣੌਤੀਆਂ ਪੈਦਾ ਕਰਨ ਵਾਲੀਆਂ ਸਥਿਤੀਆਂ ਬਾਰੇ ਨਿਸ਼ਚਿਤ ਤੌਰ 'ਤੇ ਚੋਣ ਮਨੋਰਥ ਪੱਤਰ ਵਿੱਚ ਇੱਕ ਨਵਾਂ ਰਾਹ ਲੱਭਣ ਦੀ ਉਮੀਦ ਪ੍ਰਗਟ ਕੀਤੀ ਗਈ ਸੀ; ਪਰ ਸਮੱਸਿਆਵਾਂ ਦੇ ਹੱਲ ਲਈ ਉਨ੍ਹਾਂ ਨੂੰ ਲਾਗੂ ਕਰਨ ਲਈ ਸਿਆਸੀ ਇੱਛਾ ਸ਼ਕਤੀ ਦੀ ਲੋੜ ਹੈ । ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਜਾਰੀ ਕੀਤੇ ਗਏ ਸਾਂਝੇ ਐਲਾਨਨਾਮੇ 'ਚ ਦੁਨੀਆਂ ਦੀਆਂ ਵੀਹ ਵੱਡੀਆਂ ਅਰਥਵਿਵਸਥਾਵਾਂ ਦੇ ਨੇਤਾਵਾਂ ਨੇ ਭੁੱਖਮਰੀ ਦੀ ਚੁਣੌਤੀ 'ਤੇ ਕਾਬੂ ਪਾਉਣ ਲਈ ਅੰਤਰਰਾਸ਼ਟਰੀ ਸਮਝੌਤੇ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ । ਗਾਜ਼ਾ ਦੇ ਯੁੱਧਗ੍ਰਸਤ ਖੇਤਰ ਨੂੰ ਵਧੇਰੇ ਸਹਾਇਤਾ ਪ੍ਰਦਾਨ ਕਰਨ ਤੋਂ ਇਲਾਵਾ, ਪੱਛਮੀ ਏਸ਼ੀਆ ਦੇ ਨਾਲ-ਨਾਲ ਯੂਕਰੇਨ ਵਿੱਚ ਯੁੱਧ ਅਤੇ ਦੁਸ਼ਮਣੀ ਖਤਮ ਕਰਨ ਦਾ ਸੱਦਾ ਦਿੱਤਾ ਗਿਆ ਸੀ । ਰੀਓ ਡੀ ਜਨੇਰੀਓ ਵਿੱਚ ਜਾਰੀ ਸਾਂਝੇ ਬਿਆਨ ਨੂੰ ਜੀ-20 ਦੇ ਜ਼ਿਆਦਾਤਰ ਮੈਂਬਰਾਂ ਦਾ ਸਮਰਥਨ ਪ੍ਰਾਪਤ ਹੋਇਆ । ਪਰ ਅੰਤਰਰਾਸ਼ਟਰੀ ਹਿੱਤ ਦਾ ਸਵਾਲ ਹੋਣ ਦੇ ਬਾਵਜੂਦ, ਬਿਆਨ ਨੂੰ ਸਹਿਮਤੀ ਨਹੀਂ ਮਿਲੀ । ਇਸ ਨੇ ਭਵਿੱਖ ਵਿੱਚ ਅਰਬਪਤੀਆਂ 'ਤੇ ਵਿਸ਼ਵਵਿਆਪੀ ਟੈਕਸ ਲਗਾਉਣ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਮੌਜੂਦਾ ਪੰਜ ਸਥਾਈ ਮੈਂਬਰਾਂ ਤੋਂ ਅੱਗੇ ਵਧਾਉਣ ਸਮੇਤ ਸੁਧਾਰਾਂ ਦੀ ਮੰਗ ਕੀਤੀ ਹੈ । ਭਾਰਤ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰਾਂ ਦੀ ਗਿਣਤੀ ਵਧਾਉਣ ਦਾ ਸਵਾਲ ਵੀ ਉਠਾਉਂਦਾ ਰਿਹਾ ਹੈ । ਪਰ ਹੁਣ ਤੱਕ ਇਸ ਦਿਸ਼ਾ ਵਿੱਚ ਸਿਰਫ ਗੱਲ ਹੀ ਹੋਈ ਹੈ, ਜ਼ਮੀਨੀ ਪੱਧਰ 'ਤੇ ਕੋਈ ਠੋਸ ਪ੍ਰਗਤੀ ਨਜ਼ਰ ਨਹੀਂ ਆਈ ਹੈ । ਜਿਵੇਂ ਕਿ ਉਮੀਦ ਕੀਤੀ ਗਈ ਸੀ, ਕਾਨਫਰੰਸ ਯੂਕਰੇਨ ਨਾਲ ਦੁਸ਼ਮਣੀ ਨੂੰ ਖਤਮ ਕਰਨ 'ਤੇ ਕੇਂਦ੍ਰਿਤ ਸੀ। ਪਰ ਜੇਕਰ ਅਮਰੀਕਾ ਯੂਕਰੇਨ ਅਤੇ ਰੂਸ ਵਿਚਕਾਰ ਚੱਲ ਰਹੀ ਜੰਗ ਵਿੱਚ ਆਪਣਾ ਰੁਖ਼ ਕਾਇਮ ਰੱਖਦਾ ਹੈ ਤਾਂ ਕੀ ਉਮੀਦ ਕੀਤੀ ਜਾ ਸਕਦੀ ਹੈ ? ਇਸ ਦੇ ਨਾਲ ਹੀ ਰੂਸ ਵੀ ਜੰਗ ਵਿੱਚ ਆਪਣੇ ਪੱਖ ਨੂੰ ਜਵਾਬੀ ਕਾਰਵਾਈ ਵਜੋਂ ਹੀ ਦੇਖਦਾ ਹੈ। ਇਸੇ ਤਰ੍ਹਾਂ ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਜੰਗ 'ਚ ਗਾਜ਼ਾ 'ਚ ਕਈ ਹਜ਼ਾਰ ਲੋਕ ਮਾਰੇ ਜਾ ਚੁੱਕੇ ਹਨ । ਪਰ ਇਜ਼ਰਾਈਲ ਪ੍ਰਤੀ ਅਮਰੀਕਾ ਦਾ ਨਰਮ ਰਵੱਈਆ ਚੰਗੀ ਤਰ੍ਹਾਂ ਜਾਣ ਚੁੱਕਾ ਹੈ । ਅਜਿਹੀ ਸਥਿਤੀ ਵਿਚ ਸਿਰਫ਼ ਅਪੀਲ ਕਰਕੇ ਜਾਂ ਸਦਭਾਵਨਾ ਤੋਂ ਬਾਹਰ ਹੋ ਕੇ ਜੰਗ ਨੂੰ ਖ਼ਤਮ ਕਰਨ ਦੀ ਸਥਿਤੀ ਕਿਵੇਂ ਪੈਦਾ ਹੋ ਸਕਦੀ ਹੈ ? ਇਹ ਗੱਲ ਛੁਪੀ ਹੋਈ ਨਹੀਂ ਹੈ ਕਿ ਵਿਸ਼ਵ ਪੱਧਰ 'ਤੇ ਚੱਲ ਰਹੇ ਟਕਰਾਅ ਕਾਰਨ ਖੁਰਾਕ, ਬਾਲਣ ਅਤੇ ਖਾਦਾਂ ਆਦਿ ਦਾ ਸੰਕਟ ਪੈਦਾ ਹੋ ਰਿਹਾ ਹੈ ਅਤੇ ਵਿਕਾਸਸ਼ੀਲ ਦੇਸ਼ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ । ਭਾਰਤ ਨੇ ਵੀ ਕਾਨਫਰੰਸ ਵਿੱਚ ਇਸ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ। ਯਕੀਨਨ, ਮੌਜੂਦਾ ਸੰਸਾਰ ਵਿੱਚ, ਭੁੱਖਮਰੀ ਅਤੇ ਯੁੱਧ ਵਰਗੀਆਂ ਸਥਿਤੀਆਂ ਵਿਕਾਸ ਅਤੇ ਇਸ ਦੀਆਂ ਸਾਰੀਆਂ ਸੰਭਾਵਨਾਵਾਂ ਨੂੰ ਉਲਟ ਦਿਸ਼ਾ ਵਿੱਚ ਮੋੜ ਸਕਦੀਆਂ ਹਨ । ਇਸ ਲਿਹਾਜ਼ ਨਾਲ ਵੱਡੀਆਂ ਅਰਥਵਿਵਸਥਾਵਾਂ ਵਾਲੇ ਦੇਸ਼ਾਂ ਦਾ ਇਸ ਬਾਰੇ ਚਿੰਤਤ ਹੋਣਾ ਸੁਭਾਵਿਕ ਹੈ । ਪਰ ਸਵਾਲ ਇਹ ਹੈ ਕਿ ਕੀ ਸੰਕਟ ਨੂੰ ਸੁਲਝਾਉਣ ਦਾ ਟੀਚਾ ਹਾਸਲ ਕਰਨ ਲਈ ਸਿਰਫ਼ ਚਰਚਾ ਹੀ ਕਾਫ਼ੀ ਹੋ ਸਕਦੀ ਹੈ ? ਅਜਿਹੀਆਂ ਕਾਨਫਰੰਸਾਂ ਕਿਵੇਂ ਸਾਰਥਕ ਸਾਬਤ ਹੋਣਗੀਆਂ ਜਦੋਂ ਤੱਕ ਸਪੱਸ਼ਟ ਦਿਸ਼ਾਵਾਂ ਅਤੇ ਮਾਰਗ ਨਿਰਧਾਰਤ ਨਹੀਂ ਕੀਤੇ ਜਾਂਦੇ ਅਤੇ ਸਮੱਸਿਆ ਨੂੰ ਖਤਮ ਕਰਨ ਦੇ ਟੀਚੇ ਤੱਕ ਪਹੁੰਚਣ ਲਈ ਫੈਸਲਾਕੁੰਨ ਕਦਮ ਨਹੀਂ ਚੁੱਕੇ ਜਾਂਦੇ ?

-ਜਗਜੀਤ ਸਿੰਘ ਦਰਦੀ

# ਸਾਡੇ ਲਈ ਆਪਣੀ ਵੋਟ ਦੀ ਕੀਮਤ ਪਛਾਣਨੀ ਜ਼ਰੂਰੀ

**ਰਮੇਸ਼ਵਰ ਸਿੰਘ**

ਆਜ਼ਾਦੀ ਤੋਂ ਬਾਅਦ ਸੱਤਰ ਦੇ ਦਹਾਕੇ ਤੱਕ ਦੇਸ਼ ਦੀ ਸੱਤਾਧਾਰੀ ਪਾਰਟੀ ਇਕ ਸੀ ਜੋ ਕੁਰਸੀ ਉੱਤੇ ਬਿਨਾਂ ਕਿਸੇ ਡਰ ਤੋਂ ਕੁੰਡਲੀ ਮਾਰੀ ਬੈਠੀ ਸੀ । ਲੋਕਾਂ ਨੂੰ ਖ਼ੁਸ਼ ਰੱਖਣ ਲਈ ਨਾਅਰੇ ਦੇ ਦਿੱਤੇ ਜਾਂਦੇ ਸਨ । ਗ਼ਰੀਬੀ, ਬੇਰੁਜ਼ਗਾਰੀ ਤੇ ਮਹਿੰਗਾਈ ਮੁੱਖ ਮੁੱਦਾ ਸੀ। ਸਾਨੂੰ ਇਸ ਵਾਰ ਰਾਜ-ਭਾਗ ਸੰਭਾਲ ਦਿਉ, ਸਾਰਾ ਕੁਝ ਠੀਕ ਹੋ ਜਾਵੇਗਾ । ਰਾਜ ਕਰਦੀ ਪਾਰਟੀ ਨੇ 1977 ਦੇ ਦਹਾਕੇ ਵਿਚ ਕਾਨੂੰਨਾਂ ਨਾਲ ਖਿਲਵਾੜ ਕਰਨਾ ਚਾਲੂ ਕੀਤਾ ਤਾਂ ਲੋਕਾਂ ਦੀ ਆਵਾਜ਼ ਉੱਠੀ । ਰਾਜ ਕਰਦੀ ਪਾਰਟੀ ਕੋਲ ਪੂਰਨ ਸ਼ਕਤੀ ਸੀ, ਜਿਸ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ । ਉਸ ਤੋਂ ਬਾਅਦ ਚੋਣਾਂ ਹੋਈਆਂ । ਸਥਾਪਤ ਪਾਰਟੀ ਨੂੰ ਕੁਰਸੀ ਤੋਂ ਹੱਥ ਧੋਣੇ ਪਏ । ਦੂਸਰੀ ਪਾਰਟੀ ਦਾ ਨਾਮ ਹੀ ਵੱਖ ਸੀ ਪਰ ਤਰੀਕੇ ਸਾਰੇ ਉਹੀ ਸਨ । ਅੱਜ ਤੱਕ ਧੱਕੇ ਨਾਲ ਬੀਜੇ ਹੋਏ ਧਾਰਮਿਕ ਬੀਅ ਵਿੱਚੋਂ ਕੁਰਸੀ ਨਿਕਲਦੀ ਹੈ। ਬਦਲ-ਬਦਲ ਕੇ ਪਾਰਟੀਆਂ ਕੁਰਸੀ 'ਤੇ ਬੈਠਦੀਆਂ ਰਹਿੰਦੀਆਂ ਹਨ । ਗ਼ਰੀਬੀ, ਬੇਰੁਜ਼ਗਾਰੀ, ਭੁੱਖਮਰੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ । ਪੰਜਾਬ ਖੇਤੀ ਵਿਚ ਬਹੁਤ ਅੱਗੇ ਸੀ। ਇੱਥੇ ਖ਼ਾਲਿਸਤਾਨ ਦਾ ਬੀਅ ਬੀਜ ਦਿੱਤਾ ਜੋ ਬਹੁਤ ਜਲਦੀ ਪੁੰਗਰਿਆ । ਹੁਣ ਤੱਕ ਛੋਟੇ-ਛੋਟੇ ਬੂਟੇ ਪੈਦਾ ਹੁੰਦੇ ਜਾ ਰਹੇ ਹਨ। ਪੰਜਾਬ ਵਿਚ ਧਰਮ ਦੇ ਨਾਂ 'ਤੇ ਘਰੇਲੂ ਜੰਗ ਜਾਰੀ ਹੈ । ਹਰੀ ਕ੍ਰਾਂਤੀ ਪ੍ਰਫੁੱਲਤ ਕਰਨ ਲਈ ਪੰਜਾਬ ਨੂੰ ਕੇਂਦਰ ਸਰਕਾਰ ਨੇ ਮੁੱਖ ਤੌਰ 'ਤੇ ਵਰਤਿਆ । ਹਰੀ ਕ੍ਰਾਂਤੀ ਨੇ ਪੰਜਾਬ ਦੇ ਖਾਣੇ ਦੇ ਖ਼ਜ਼ਾਨੇ ਤਾਂ ਭਰਪੂਰ ਕਰ ਦਿੱਤੇ ਪਰ ਉਸ ਦੇ ਕਿਸਾਨ ਕਰਜ਼ਾਈ ਹੋ ਗਏ । ਹਰੀ ਕ੍ਰਾਂਤੀ ਵਿਚ ਕੰਪਨੀਆਂ ਨੂੰ ਮਜ਼ਬੂਤ ਕਰਨ ਲਈ ਕਰਜ਼ੇ ਦੇ ਮੂੰਹ ਖੋਲ੍ਹ ਦਿੱਤੇ ਜੋ ਕਿਸਾਨਾਂ ਲਈ



ਖ਼ੁਦਕੁਸ਼ੀਆਂ ਦਾ ਕਾਰਨ ਬਣ ਗਏ।

ਹੁਣ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਦਾ ਹਾਲ-ਬੇਹਾਲ ਹੈ, ਜਿਸ ਬਾਰੇ ਅਸੀਂ ਭਲੀਭਾਂਤ ਜਾਣਦੇ ਹਾਂ । ਸਿਆਸੀ ਪਾਰਟੀਆਂ ਨੇ ਸਬਸਿਡੀਆਂ ਨੂੰ ਸਾਡੇ ਲਈ ਭੀਖ ਬਣਾ ਕੇ ਪੰਜਾਬ ਦਾ ਲੱਕ ਤੋੜ ਦਿੱਤਾ ਹੈ । ਧਰਮ ਅਸੀਂ ਖ਼ੁਦ ਬਣਾਏ ਹਨ ਜੋ ਸਾਨੂੰ ਹੀ ਖ਼ਤਮ ਕਰ ਰਹੇ ਹਨ ਪਰ ਧਰਮ ਤੋਂ ਅੱਗੇ ਵਧ ਕੇ ਸਿਆਸੀ ਪਾਰਟੀਆਂ ਨੇ ਧਾਰਮਿਕ ਅਸਥਾਨ ਬਣਾ ਕੇ ਆਪਣੇ ਵੋਟ ਬੈਂਕ ਨੂੰ ਹੋਰ ਮਜ਼ਬੂਤ ਕਰ ਲਿਆ । ਸ਼ਹਿਰਾਂ ਵਿਚ ਲੋਕ ਆਪਣੇ ਵਪਾਰ ਤੇ ਧਰਮ ਨੂੰ ਵੇਖ ਕੇ ਵੋਟ ਪਾਉਂਦੇ ਹਨ । ਪਿੰਡਾਂ ਵਿਚ ਪੇਂਡੂ ਸੱਭਿਆਚਾਰ ਸਿਆਸੀ ਪਾਰਟੀਆਂ ਨੇ ਖੇਰੂੰ-ਖੇਰੂੰ ਕਰ ਦਿੱਤਾ। ਹਰ ਪਿੰਡ ਵਿਚ ਪੰਜ-ਪੰਜ ਧਾਰਮਿਕ ਅਸਥਾਨਾਂ 'ਤੇ ਏਨੀਆਂ ਕੁ ਪਾਰਟੀਆਂ ਦਾ ਰੰਗ ਚੜ੍ਹਾ ਦਿੱਤਾ ਕਿ ਪਿੰਡਾਂ ਵਾਲੇ ਆਪਣਾ ਭਵਿੱਖ ਭੁੱਲ ਕੇ ਪਾਰਟੀ ਤੇ ਧਰਮ ਨੂੰ ਪਹਿਲ ਦਿੰਦੇ ਹਨ । ਹੁਣ ਰਾਜਨੀਤੀ ਨੂੰ ਚਤੁਰ ਲੋਕਾਂ ਨੇ ਮੁੱਖ ਧੰਦਾ ਤੇ ਰੁਜ਼ਗਾਰ ਬਣਾ ਲਿਆ ਹੈ। ਪ੍ਰਸ਼ਾਸਨ ਵਿਚ ਕੁਰਸੀਆਂ 'ਤੇ ਬੈਠੇ ਰਿਟਾਇਰਮੈਂਟ ਤੋਂ ਪਹਿਲਾਂ ਰਾਜਨੀਤਕ ਪਾਰਟੀਆਂ ਨਾਲ ਗੰਢ-ਤੁੱਪ ਕਰ ਲੈਂਦੇ ਹਨ। ਫਿਲਮੀ ਹੀਰੋ ਤੇ ਗਾਇਕ ਜਿਨ੍ਹਾਂ ਦਾ ਨਾਮ ਲੋਕਾਂ ਵਿਚ ਪਹਿਲਾਂ ਹੀ ਸਥਾਪਤ ਹੁੰਦਾ ਹੈ, ਜਦੋਂ ਆਪਣਾ ਕੰਮਕਾਰ ਢਿੱਲਾ ਵਿਖਾਈ ਦਿੰਦਾ ਹੈ ਤਾਂ ਝੱਟ ਕਿਸੇ ਪਾਰਟੀ ਦਾ ਪੱਲਾ ਫੜ ਲੈਂਦੇ ਹਨ । ਉਨ੍ਹਾਂ ਨੂੰ ਸਿਆਸਤ ਦਾ ਇੱਲ-ਕੁੱਕੜ ਪਤਾ ਨਹੀਂ ਹੁੰਦਾ ਅਤੇ ਲੋਕ ਆਪਣੀਆਂ ਵੋਟਾਂ ਉਸ ਦੀ ਪ੍ਰਸਿੱਧੀ ਦੇ ਹੱਕ ਵਿਚ ਦੇ ਦਿੰਦੇ ਹਨ । ਨਤੀਜਾ ਇਹ ਨਿਕਲਦਾ ਹੈ ਕਿ ਲੋਕ ਜਿੱਤੇ ਹੋਏ ਹੀਰੋਆਂ ਤੇ ਗਾਇਕਾਂ ਨੂੰ ਬਾਅਦ 'ਚ 'ਗੁੰਮਸ਼ੁਦਾ ਦੀ ਤਲਾਸ਼' ਦੇ ਬੋਰਡ ਲਗਾ ਕੇ ਲੱਭਦੇ ਰਹਿੰਦੇ ਹਨ ।

ਭਾਰਤ ਵਿਚ ਮਹਿੰਗਾਈ, ਬੇਰੁਜ਼ਗਾਰੀ ਤੇ ਗ਼ਰੀਬੀ ਦਾ ਮੁੱਖ ਕਾਰਨ ਧੜਾਧੜ ਵੱਧ ਰਹੀ ਆਬਾਦੀ ਹੈ । ਕੁਝ ਕੁ ਫ਼ੀਸਦੀ ਲੋਕ ਆਪਣੀ ਆਰਥਿਕ ਸਥਿਤੀ ਦੇਖ ਕੇ ਪਰਿਵਾਰ ਨਿਯੋਜਨ ਅਪਣਾਉਂਦੇ ਹਨ । ਬਾਕੀ ਤਾਂ ਬੱਚੇ ਰੱਬ ਦੀ ਦੇਣ ਮੰਨਦੇ ਹਨ । ਸਾਡੀ ਧਰਤੀ ਦੀ ਸੀਮਾ ਤੇ ਰੁਜ਼ਗਾਰ ਸੀਮਤ ਹਨ।

ਬੇਰੁਜ਼ਗਾਰੀ, ਗ਼ਰੀਬੀ ਤੇ ਮਹਿੰਗਾਈ ਦੇ ਧਰਨੇ ਲਾਉਣੇ ਅਸੀਂ ਜਾਣਦੇ ਹਾਂ । ਸਿਆਸੀ ਪਾਰਟੀਆਂ ਤੇ ਅਸੀਂ ਜਾਣਦੇ ਹਾਂ ਕਿ ਭਾਰਤ ਦੇ ਕਮਜ਼ੋਰ ਹੋਣ ਦਾ ਕਾਰਨ ਵਧਦੀ ਆਬਾਦੀ ਹੈ । ਇਸ ਬਾਰੇ ਕੌਣ ਸੋਚੇਗਾ ? ਸਾਡੇ ਗੁਆਂਢੀ ਮੁਲਕ ਚੀਨ ਨੇ ਆਬਾਦੀ ਕਾਬੂ ਕਰਨ ਲਈ ਕਾਨੂੰਨ ਲਾਗੂ ਕਰ ਦਿੱਤਾ ਹੈ, ਜਿਸ ਨਾਲ ਆਬਾਦੀ ਠੀਕ ਹੋ ਗਈ । ਕਦੇ ਚੀਨ ਆਬਾਦੀ ਦੇ ਮਾਮਲੇ ਵਿਚ ਦੁਨੀਆ 'ਚ ਸਭ ਤੋਂ ਅੱਗੇ ਸੀ ਤੇ ਹੁਣ ਭਾਰਤ ਮੋਹਰੀ ਹੈ । ਸਾਡੀਆਂ ਸਰਕਾਰਾਂ ਆਪਣੇ ਰਾਜ ਕਰਨ ਵਾਲੇ ਨੇਤਾਵਾਂ ਲਈ ਮੋਟੀ ਤਨਖ਼ਾਹ ਤੇ ਪੈਨਸ਼ਨ ਦਾ ਕਾਨੂੰਨ ਬਣਾਉਂਦੀਆਂ ਰਹੀਆਂ । ਰਾਜਨੀਤੀ ਹੁਣ ਵਿਰਾਸਤ ਬਣ ਗਈ ਹੈ । ਡਾਕਟਰ ਤੇ ਇੰਜੀਨੀਅਰ ਦੇ ਬੱਚੇ ਡਾਕਟਰ-ਇੰਜੀਨੀਅਰ ਬਣਦੇ ਵੇਖੇ ਹਨ ਕਿਉਂਕਿ ਸਿੱਖਿਆ ਪ੍ਰਾਪਤ ਕਰ ਲੈਂਦੇ ਹਨ ਪਰ ਲੀਡਰਾਂ ਨੂੰ ਕਿਸੇ ਡਿਗਰੀ ਦੀ ਜ਼ਰੂਰਤ ਨਹੀਂ । ਤੁਸੀਂ ਕਿਸੇ ਲੀਡਰ ਦੇ ਬੱਚੇ ਹੋਣੇ ਚਾਹੀਦੇ ਹੋ, ਬਾਪ ਦੀ ਕੁਰਸੀ ਤੁਹਾਡੀ ਆਪਣੀ ਹੋਵੇਗੀ। ਹਿੱਕ ਦੇ ਜ਼ੋਰ ਨਾਲ ਲੈਂਦੇ ਹਨ । ਜਨਤਾ ਦੀ ਭਲਾਈ ਲਈ ਕਾਨੂੰਨ ਬਹੁਤ ਘੱਟ ਬਣਦੇ ਹਨ। ਉਹ ਵੀ ਇੰਨੇ ਜਟਿਲ ਤੇ ਮੁਸ਼ਕਲ ਹਨ ਕਿ ਜਨਤਾ ਉਨ੍ਹਾਂ ਦਾ ਕੋਈ ਫ਼ਾਇਦਾ ਨਹੀਂ ਉਠਾ ਸਕਦੀ । ਕਈ ਚੋਣਾਂ ਜਿੱਤ ਚੁੱਕੇ ਨੇਤਾ ਪੰਜ-ਸੱਤ ਤੋਂ ਵੱਧ ਪੈਨਸ਼ਨਾਂ ਲੈ ਰਹੇ ਹਨ । ਮੇਰੇ ਖ਼ਿਆਲ ਅਨੁਸਾਰ ਆਪਣਾ ਬਜਟ ਸਭ ਤੋਂ ਵੱਧ ਨੇਤਾਵਾਂ ਦੀਆਂ ਪੈਨਸ਼ਨਾਂ ਤੇ ਤਨਖ਼ਾਹਾਂ ਵਿਚ ਹੀ ਲੱਗ ਜਾਂਦਾ ਹੋਵੇਗਾ । ਮੁੱਕਦੀ ਗੱਲ ਇਹ ਕਿ ਮੈਂ ਸਾਡੇ ਨੇਤਾਵਾਂ ਦਾ ਚਿੱਠਾ ਖੋਲ੍ਹ ਕੇ ਬੈਠ ਗਿਆ ਜੋ ਕਦੇ ਖ਼ਤਮ ਹੋਣ ਵਾਲਾ ਨਹੀਂ।

ਅੱਜ ਜ਼ਰੂਰਤ ਹੈ ਕਿ ਅਸੀਂ ਆਪਣੀ ਵੋਟ ਦੀ ਕੀਮਤ ਜਾਣਨ ਲੱਗ ਜਾਈਏ । ਸਭ ਤੋਂ ਜ਼ਰੂਰੀ ਇਹ ਹੈ ਕਿ ਸਿਹਤ ਤੇ ਸਿੱਖਿਆ ਲਈ ਉੱਨਤ ਸਹੂਲਤਾਂ ਦੀ ਅਸੀਂ ਆਪਣੇ ਨੇਤਾਵਾਂ ਤੋਂ ਮੰਗ ਕਿਉਂ ਨਹੀਂ ਕਰਦੇ। ਅਸੀਂ ਕਿਉਂ ਸਕੂਲਾਂ ਤੇ ਹਸਪਤਾਲਾਂ ਨੂੰ ਉਸਾਰਨ ਲਈ ਸਰਕਾਰਾਂ ਨੂੰ ਮਜਬੂਰ ਨਹੀਂ ਕਰਦੇ । ਸਰਕਾਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਤੇ ਭੀਖ ਰੂਪੀ ਆਟਾ ਤੇ ਦਾਲ ਲੈਣਾ ਬੰਦ ਕਰੋ। ਰਾਖਵੀਂਆਂ ਨੌਕਰੀਆਂ ਤੇ ਚੋਣਾਂ ਲਈ ਰਿਜ਼ਰਵ ਸੀਟਾਂ ਅਸੀਂ ਕਿਉਂ ਲਈਏ । ਅਸੀਂ ਇਨਸਾਨ ਹਾਂ, ਇਨਸਾਨ ਬਣ ਕੇ ਵੇਖੋ। ਜਿਹੜੇ ਜਾਣ ਕੇ ਮੁੱਦੇ ਖੜ੍ਹੇ ਕਰ ਕੇ ਵੋਟਾਂ ਲੈਂਦੇ ਹਨ, ਉਨ੍ਹਾਂ ਨੂੰ ਕਾਨੂੰਨ ਪੜ੍ਹਾਓ ਤੇ ਜਦੋਂ ਵੋਟਾਂ ਮੰਗਣ ਆਉਂਦੇ ਹਨ, ਉਨ੍ਹਾਂ ਤੋਂ ਹਲਫ਼ਨਾਮਾ ਲਿਖ ਕੇ ਲਵੋ ਕਿ ਸਾਡੇ ਦੇਸ਼, ਰਾਜ ਤੇ ਸਾਡੇ ਇਲਾਕੇ ਲਈ ਇਹ ਕੰਮ ਕਰਨਾ ਹੋਵੇਗਾ । ਜਦੋਂ ਹਲਫਨਾਮੇ ਦਾ ਪੱਟਾ ਇਨ੍ਹਾਂ ਦੇ ਗਲ ਵਿਚ ਪੈ ਜਾਵੇਗਾ ਤਾਂ ਲੋਕਰਾਜ ਦੇ ਅਰਥ ਆਪਣੇ-ਆਪ ਸਥਾਪਤ ਹੋ ਜਾਣਗੇ । ਨੇਤਾਵਾਂ ਲਈ ਸਿੱਖਿਆ ਤੇ ਉਮਰ ਦੀ ਸੀਮਾ ਤੈਅ ਹੋਣੀ ਚਾਹੀਦੀ ਹੈ। ਜਨਤਾ ਕਿਉਂ ਚੁੱਪ ਹੈ ? ਧਰਮਾਂ, ਜਾਤਾਂ, ਸਬਸਿਡੀਆਂ, ਰਾਖਵੇਂਕਰਨ ਨੂੰ ਜਦੋਂ ਤੱਕ ਨਹੀਂ ਛੱਡੋਗੇ, ਰਾਜਨੀਤਕ ਪਾਰਟੀਆਂ ਬਦਲ-ਬਦਲ ਕੇ ਕੁਰਸੀਆਂ 'ਤੇ ਬੈਠੀਆਂ ਰਹਿਣਗੀਆਂ। ਅਸੀਂ ਭੀਖ ਮੰਗਦੇ ਰਹਾਂਗੇ। ਸੋ, ਰਾਜਨੀਤੀ ਛੱਡੋ, ਸ਼ੁੱਧ ਇਨਸਾਨ ਬਣੋ। ਇਨਕਲਾਬ ਸਾਹਮਣੇ ਕੰਧ 'ਤੇ ਉੱਕਰਿਆ ਹੋਇਆ ਹੈ-ਪੜ੍ਹ ਕੇ ਤਾਂ ਵੇਖੋ।

# 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨ.ਫਰੰਸ

**ਕਰਨੈਲ ਸਿੰਘ ਐੱਮ.ਏ.**

**1907 ਨੂੰ ਚੀਫ ਖ਼ਾਲਸਾ ਦੀਵਾਨ ਦਾ ਜੱਥਾ ਸਰ ਸੁੰਦਰ ਸਿੰਘ ਮਜੀਠੀਆ ਦੀ ਪ੍ਰਧਾਨਗੀ ਹੇਠ ਕਰਾਚੀ ਦੇ ਇਲਾਕੇ ਵਿੱਚ ਪ੍ਰਚਾਰ ਵਾਸਤੇ ਗਿਆ । ਕਰਾਚੀ ਵਿੱਚ ਉਸ ਸਮੇਂ ਮੁਸਲਿਮ ਐਜੂਕੇਸ਼ਨਲ ਕਾਨਫਰੰਸ ਹੋ ਰਹੀ ਸੀ । ਮਜੀਠੀਆ, ਸੋਢੀ ਸੁਜਾਨ ਸਿੰਘ ਅਤੇ ਭਾਈ ਸੁਰਜਨ ਸਿੰਘ ਬਾਗੜੀਆਂ ਨੇ ਇਸ ਕਾਨਫਰੰਸ ਨੂੰ ਵੇਖਿਆ ਅਤੇ ਇੰਨੇ ਪ੍ਰਭਾਵਿਤ ਹੋਏ ਕਿ ਸਿੱਖ ਕੌਮ ਵਿੱਚ ਅਜਿਹੀ ਕਾਨਫਰੰਸ ਕਾਇਮ ਕਰਨ ਦਾ ਪ੍ਰਣ ਲਿਆ । ਸਰ ਸੁੰਦਰ ਸਿੰਘ ਮਜੀਠੀਆ ਨੇ ਆਪਣੀ ਕੋਠੀ ਵਿੱਚ 19 ਜਨਵਰੀ 1908 ਨੂੰ ਸ੍ਰ: ਤਰਲੋਚਨ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਬੁਲਾਈ । ਇਸ ਸਮੇਂ ਸਿੱਖ ਐਜੂਕੇਸ਼ਨਲ ਕਮੇਟੀ ਅਤੇ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਸਬ ਕਮੇਟੀ ਬਣਾਈ ਗਈ, ਜਿਸ ਦੇ ਪੰਜ ਮੈਂਬਰ ਭਾਈ ਵੀਰ ਸਿੰਘ ਜੀ, ਸਰ ਸੁੰਦਰ ਸਿੰਘ ਮਜੀਠੀਆ, ਸ੍ਰ: ਤਰਲੋਚਨ ਸਿੰਘ ਜੀ, ਭਾਈ ਜੋਧ ਸਿੰਘ ਜੀ ਤੇ ਸ੍ਰ: ਹਰਬੰਸ ਸਿੰਘ ਜੀ ਅਟਾਰੀ ਸਨ। ਪਹਿਲੀ ਕਾਨਫਰੰਸ 18, 19, 20 ਅਪ੍ਰੈਲ 1908 ਵਿੱਚ ਗੁਜ਼ਰਾਂਵਾਲਾ ਵਿਖੇ ਹੋਈ, ਜੋ ਹਰ ਤਰ੍ਹਾਂ ਸਫਲ ਰਹੀ ।**

ਸਿੱਖਾਂ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ 68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ 21, 22 ਅਤੇ 23 ਨਵੰਬਰ ਨੂੰ ਐਸ.ਜੀ.ਐਸ.ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੀ ਹੈ । ਇਸ ਤੋਂ ਪਹਿਲਾਂ 67 ਸਰਬ ਹਿੰਦ ਸਿੱਖ ਵਿੱਦਿਅਕ ਕਾਨਫਰੰਸਾਂ ਸਫਲਤਾਪੂਰਵਕ ਸੰਪੰਨ ਹੋ ਚੁੱਕੀਆਂ ਹਨ । ਸਿੱਖ ਕਾਨਫਰੰਸਾਂ ਦੇ ਤਿੰਨ ਮੋਢੀਆਂ ਦਾ ਸੰਖੇਪ ਜੀਵਨ ਬਿਓਰਾ ਇਸ ਪ੍ਰਕਾਰ ਹੈ :

**1. ਭਾਈ ਵੀਰ ਸਿੰਘ** :- ਭਾਈ ਸਾਹਿਬ ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ: ਨੂੰ ਹੋਇਆ । ਭਾਈ ਸਾਹਿਬ ਦੇ ਪਿਤਾ ਡਾ: ਚਰਨ ਸਿੰਘ ਜੀ ਨਾ ਕੇਵਲ ਆਪਣੇ ਸਮੇਂ ਦੇ ਪ੍ਰਸਿੱਧ ਡਾਕਟਰ ਸਨ, ਸਗੋਂ ਉੱਘੇ ਸਾਹਿਤਕਾਰ ਵੀ ਸਨ । ਭਾਈ ਵੀਰ ਸਿੰਘ ਨੇ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਕੋਲ ਰਹਿ ਕੇ ਸਿੱਖ ਰਹਿਤ ਦੀ ਡੂੰਘੀ ਜਾਣਕਾਰੀ ਹਾਸਲ ਕੀਤੀ । ਇਸ ਤੋਂ ਮਗਰੋਂ ਉਹਨਾਂ ਅੰਮ੍ਰਿਤਸਰ ਵਿਖੇ ਚਰਚ ਮਿਸ਼ਨ ਸਕੂਲ ਵਿੱਚ ਦਾਖ਼ਲਾ ਲੈ ਲਿਆ । ਇੱਥੋਂ ਉਹਨਾਂ ਨੇ 1891 ਵਿੱਚ ਮੈਟ੍ਰਿਕ ਕੀਤੀ । ਭਾਈ ਸਾਹਿਬ ਨੇ ਗੁਰਮੁਖੀ ਲਿਪੀ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕਾਫ਼ੀ ਕੰਮ ਕੀਤਾ । ਉਹਨਾਂ ਸਿੰਘ ਸਭਾ ਤੇ ਆਰੀਆ ਸਮਾਜ ਲਹਿਰ ਦੀ ਰਹਿਨੁਮਾਈ ਕੀਤੀ । ਸਿੰਘ ਸਭਾ ਲਹਿਰ ਦੇ ਆਰੰਭ ਤੋਂ ਇੱਕ ਸਾਲ ਪਹਿਲਾਂ ਭਾਈ ਵੀਰ ਸਿੰਘ ਦਾ ਜਨਮ ਹੋਇਆ। ਭਾਈ ਵੀਰ ਸਿੰਘ ਜੀ ਨੇ ਪੰਜਾਬੀ ਵਿੱਚ ਇੱਕ ਸਪਤਾਹਿਕ ਖਾਲਸਾ ਸਮਾਚਾਰ ਸ਼ੁਰੂ ਕੀਤਾ ਜੋ ਵਰਤਮਾਨ ਸਮੇਂ ਵੀ ਛਪ ਰਿਹਾ ਹੈ । ਚੀਫ਼ ਖ਼ਾਲਸਾ ਦੀਵਾਨ ਵੱਲੋਂ 1999 ਵਿੱਚ ਖ਼ਾਲਸੇ ਦੀ ਤੀਜੀ ਸ਼ਤਾਬਦੀ ਦੇ ਨਾਲ-ਨਾਲ ਖ਼ਾਲਸਾ ਸਮਾਚਾਰ ਦੀ ਪਹਿਲੀ ਸ਼ਤਾਬਦੀ ਵੀ ਮਨਾਈ ਗਈ । ਭਾਈ ਵੀਰ ਸਿੰਘ ਜੀ ਨੇ ਸਮਾਜ ਭਲਾਈ ਵਾਸਤੇ ਅਨੇਕਾਂ ਕੰਮ ਕੀਤੇ। ਉਹਨਾਂ ਵਜ਼ੀਰ ਹਿੰਦ ਪ੍ਰੈੱਸ ਸਥਾਪਿਤ ਕੀਤੀ । ਖ਼ਾਲਸਾ ਟ੍ਰੈਕਟ ਸੁਸਾਇਟੀ ਬਣਾਈ ਗਈ ਅਤੇ ਛੋਟੇ-ਛੋਟੇ ਟ੍ਰੈਕਟਾਂ ਰਾਹੀਂ ਆਮ ਲੋਕਾਂ ਵਿੱਚ ਜਾਗ੍ਰਤੀ ਪੈਦਾ ਕੀਤੀ । ਅੱਜ ਵੀ ਚੀਫ਼ ਖ਼ਾਲਸਾ ਦੀਵਾਨ ਵੱਲੋਂ ਟ੍ਰੈਕਟ ਛਾਪ ਕੇ ਤੇ ਵੰਡ ਕੇ ਲੋਕਾਂ ਵਿੱਚ ਜਾਗ੍ਰਤੀ ਪੈਦਾ ਕੀਤੀ ਜਾ ਰਹੀ ਹੈ

ਭਾਈ ਵੀਰ ਸਿੰਘ ਨੇ ਅੰਮ੍ਰਿਤਸਰ ਵਿੱਚ ਇੱਕ ਯਤੀਮਖ਼ਾਨਾ ਸਥਾਪਤ ਕੀਤਾ । ਵਿੱਦਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਰ ਸੁੰਦਰ ਸਿੰਘ ਮਜੀਠੀਆ, ਸ੍ਰ: ਤਰਲੋਚਨ ਸਿੰਘ ਤੇ ਹੋਰ ਉੱਘੀਆਂ ਹਸਤੀਆਂ ਦੇ ਸਹਿਯੋਗ ਨਾਲ 1908 ਵਿੱਚ ਸਿੱਖ ਵਿੱਦਿਅਕ ਕਾਨਫਰੰਸ ਦੀ ਆਰੰਭਤਾ ਕੀਤੀ । ਭਾਈ ਸਾਹਿਬ ਨੇ ਆਪਣੇ ਜੀਵਨ ਦੌਰਾਨ ਸ਼ਾਇਦ ਹੀ ਕੋਈ ਪਬਲਿਕ ਭਾਸ਼ਣ ਦਿੱਤਾ ਹੋਵੇ । ਮੁੰਬਈ (ਬੰਬਈ) ਵਿਖੇ ਹੋਈ ਸਰਬ ਹਿੰਦ ਸਿੱਖ ਵਿੱਦਿਅਕ ਕਾਨਫਰੰਸ ਮੌਕੇ ਭਾਈ ਵੀਰ ਸਿੰਘ ਨੂੰ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ । ਜਦ ਇਸ ਮੌਕੇ ਸਟੇਜ 'ਤੇ ਆ ਕੇ ਕੁਝ ਬੋਲਣ ਲਈ ਬੇਨਤੀ ਕੀਤੀ ਗਈ ਤਾਂ ਉਹਨਾਂ ਨੇ ਕੇਵਲ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ ਬੁਲਾਈ ।

**2. ਸਰ ਸੁੰਦਰ ਸਿੰਘ ਮਜੀਠੀਆ** :- ਸਰ ਸੁੰਦਰ ਸਿੰਘ ਮਜੀਠੀਆ ਦਾ ਜਨਮ ਰਾਜਾ ਸੂਰਤ ਸਿੰਘ ਮਜੀਠੀਆ ਦੇ ਘਰ 17 ਫ਼ਰਵਰੀ 1872 ਈ: ਨੂੰ ਹੋਇਆ । ਉਹਨਾਂ ਦੀ ਛੋਟੀ ਉਮਰ ਵਿੱਚ ਹੀ ਮਾਤਾ-ਪਿਤਾ ਦਾ ਦੇਹਾਂਤ ਹੋ ਗਿਆ, ਉਪਰੰਤ ਉਹਨਾਂ ਦੀ ਪਾਲਣਾ-ਪੋਸ਼ਣਾ ਦੀ ਜ਼ਿੰਮੇਵਾਰੀ ਪਰਿਵਾਰ ਦੇ ਮੁਖੀਆਂ ਵੱਲੋਂ ਕੀਤੀ ਗਈ । ਉਹਨਾਂ ਮੁੱਢਲੀ ਵਿੱਦਿਆ ਐਚੀਸ਼ਨ ਕਾਲਜ ਅਤੇ ਐਫ.ਏ. ਦੀ ਪ੍ਰੀਖਿਆ ਗੌਰਮਿੰਟ ਕਾਲਜ ਤੋਂ ਪਾਸ ਕੀਤੀ । ਸੰਤ ਅਤਰ ਸਿੰਘ ਜੀ ਮਸਤੂਆਣਾ ਪਾਸੋਂ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ ।

1907 ਨੂੰ ਚੀਫ ਖ਼ਾਲਸਾ ਦੀਵਾਨ ਦਾ ਜੱਥਾ ਸਰ ਸੁੰਦਰ ਸਿੰਘ ਮਜੀਠੀਆ ਦੀ ਪ੍ਰਧਾਨਗੀ ਹੇਠ ਕਰਾਚੀ ਦੇ ਇਲਾਕੇ ਵਿੱਚ ਪ੍ਰਚਾਰ ਵਾਸਤੇ ਗਿਆ । ਕਰਾਚੀ ਵਿੱਚ ਉਸ ਸਮੇਂ ਮੁਸਲਿਮ ਐਜੂਕੇਸ਼ਨਲ ਕਾਨਫਰੰਸ ਹੋ ਰਹੀ ਸੀ । ਮਜੀਠੀਆ, ਸੋਢੀ ਸੁਜਾਨ ਸਿੰਘ ਅਤੇ ਭਾਈ ਸੁਰਜਨ ਸਿੰਘ ਬਾਗੜੀਆਂ ਨੇ ਇਸ ਕਾਨਫਰੰਸ ਨੂੰ ਵੇਖਿਆ ਅਤੇ ਇੰਨੇ ਪ੍ਰਭਾਵਿਤ ਹੋਏ ਕਿ ਸਿੱਖ ਕੌਮ ਵਿੱਚ ਅਜਿਹੀ ਕਾਨਫਰੰਸ ਕਾਇਮ ਕਰਨ ਦਾ ਪ੍ਰਣ ਲਿਆ । ਸਰ ਸੁੰਦਰ ਸਿੰਘ ਮਜੀਠੀਆ ਨੇ ਆਪਣੀ ਕੋਠੀ ਵਿੱਚ 19 ਜਨਵਰੀ 1908 ਨੂੰ ਸ੍ਰ: ਤਰਲੋਚਨ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਬੁਲਾਈ । ਇਸ ਸਮੇਂ ਸਿੱਖ ਐਜੂਕੇਸ਼ਨਲ ਕਮੇਟੀ ਅਤੇ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਨਿਯਮਾਂ ਦਾ ਖਰੜਾ ਤਿਆਰ ਕਰਨ ਲਈ ਸਬ ਕਮੇਟੀ ਬਣਾਈ ਗਈ, ਜਿਸ ਦੇ ਪੰਜ ਮੈਂਬਰ ਭਾਈ ਵੀਰ ਸਿੰਘ ਜੀ, ਸਰ ਸੁੰਦਰ ਸਿੰਘ ਮਜੀਠੀਆ, ਸ੍ਰ: ਤਰਲੋਚਨ ਸਿੰਘ ਜੀ, ਭਾਈ ਜੋਧ ਸਿੰਘ ਜੀ ਤੇ ਸ੍ਰ: ਹਰਬੰਸ ਸਿੰਘ ਜੀ ਅਟਾਰੀ ਸਨ । ਪਹਿਲੀ ਕਾਨਫਰੰਸ 18, 19, 20 ਅਪ੍ਰੈਲ 1908 ਵਿੱਚ ਗੁਜ਼ਰਾਂਵਾਲਾ ਵਿਖੇ ਹੋਈ, ਜੋ ਹਰ ਤਰ੍ਹਾਂ ਸਫਲ ਰਹੀ ।

ਸਰ ਸੁੰਦਰ ਸਿੰਘ ਮਜੀਠੀਆ ਨੇ ਵਿੱਦਿਅਕ ਲਹਿਰ ਨੂੰ ਪ੍ਰਚੰਡ ਕੀਤਾ ਤੇ ਵਿੱਦਿਅਕ ਕਾਨ.ਫਰੰਸਾਂ ਨੂੰ ਸ਼ੁਰੂ ਕਰਵਾਉਣ ਲਈ ਤਨ-ਮਨ ਤੇ ਧਨ ਨਾਲ ਸੇਵਾ ਕੀਤੀ। ਆਪ ਜੀ ਦੀ ਅਗਵਾਈ ਵਿੱਚ ਚੀਫ ਖ਼ਾਲਸਾ ਦੀਵਾਨ ਨੇ 30 ਅਕਤੂਬਰ 1908 ਨੂੰ ਇੰਡੀਅਨ ਇੰਪੀਰੀਅਰ ਲੈਜਿਸਲੇਟਿਵ ਕੌਂਸਲ ਵਿੱਚ ਆਨੰਦ ਮੈਰਿਜ ਐਕਟ ਪਾਸ ਕਰਵਾਇਆ। ਸਰ ਸੁੰਦਰ ਸਿੰਘ ਮਜੀਠੀਆ 69 ਸਾਲ ਦੀ ਉਮਰ ਭੋਗ ਕੇ 1941 ਈ: ਵਿੱਚ ਅਕਾਲ ਚਲਾਣਾ ਕਰ ਗਏ ।

**3. ਸ੍ਰ: ਤਰਲੋਚਨ ਸਿੰਘ** :- ਸ੍ਰ: ਤਰਲੋਚਨ ਸਿੰਘ ਦਾ ਜਨਮ ਸ੍ਰ: ਸੇਵਾ ਸਿੰਘ ਦੇ ਗ੍ਰਹਿ ਮਾਤਾ ਜੈ ਕੌਰ ਦੀ ਕੁੱਖੋਂ ਹੋਇਆ । ਸ੍ਰ: ਸੇਵਾ ਸਿੰਘ ਅੰਗਰੇਜ਼ੀ ਵਿੱਚ ਡਿਪਟੀ ਕੁਲੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ । ਆਪ ਨੇ ਉੱਚ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਜ਼ਿੰਦਗੀ ਵਕਾਲਤ ਨਾਲ ਸ਼ੁਰੂ ਕੀਤੀ, ਪਰ ਆਪ ਨੇ ਭਾਈ ਵੀਰ ਸਿੰਘ ਤੇ ਸਰ ਸੁੰਦਰ ਸਿੰਘ ਮਜੀਠੀਆ ਦੇ ਪ੍ਰਭਾਵ ਹੇਠ ਆਪਣੀ ਨਿੱਜੀ ਪ੍ਰੈਕਟਿਸ ਨੂੰ ਪਿੱਛੇ ਰੱਖ ਕੇ ਪੰਥਕ ਸੇਵਾ ਨੂੰ ਤਰਜੀਹ ਦਿੱਤੀ । ਉਹਨਾਂ ਨੇ ਸਿੱਖ ਵਿੱਦਿਅਕ ਲਹਿਰ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਉਸਾਰੀ ਵਿੱਚ ਭਾਈ ਵੀਰ ਸਿੰਘ ਤੇ ਸਰ ਸੁੰਦਰ ਸਿੰਘ ਮਜੀਠੀਆ ਨਾਲ ਮੋਢੇ ਨਾਲ ਮੋਢੇ ਜੋੜ ਕੇ ਸਹਿਯੋਗ ਦਿੱਤਾ । ਉਹਨਾਂ ਨੇ ਪੰਜਾਬ ਐਂਡ ਸਿੰਧ ਬੈਂਕ ਦੀ ਸਥਾਪਨਾ ਕਰਕੇ ਨਾਮ ਕਮਾਇਆ । 1908 ਵਿੱਚ ਇਸ ਬੈਂਕ ਦੀ ਨੀਂਹ ਰੱਖੀ । ਸ਼ੁਰੂ-ਸ਼ੁਰੂ ਵਿੱਚ ਤਰਲੋਚਨ ਸਿੰਘ ਨੇ ਇਸ ਬੈਂਕ ਦੀ ਆਨਰੇਰੀ ਸੇਵਾ ਕੀਤੀ । ਅੱਜ ਪੰਜਾਬ ਐਂਡ ਸਿੰਧ ਬੈਂਕ ਦਾ ਨਾਂ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ ।

ਸਿੱਖ ਵਿੱਦਿਅਕ ਕਾਨਫਰੰਸ ਐਜੂਕੇਸ਼ਨਲ ਕਮੇਟੀ ਚੀਫ ਖ਼ਾਲਸਾ ਦੀਵਾਨ ਦੀ ਬਕਾਇਦਾ ਸੂਤਰਬੱਧ ਸੰਸਥਾ ਹੈ। ਸਿੱਖ ਸਮਾਜ ਅੰਦਰ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ 30 ਅਕਤੂਬਰ 1902 ਨੂੰ ਹੋਂਦ ਵਿੱਚ ਆਈ । ਐਜੂਕੇਸ਼ਨਲ ਕਮੇਟੀ ਚੀਫ਼ ਖ਼ਾਲਸਾ ਦੀਵਾਨ 1908 ਤੋਂ 2023 ਤੱਕ 67 ਸਰਬ-ਹਿੰਦ ਸਿੱਖ ਵਿੱਦਿਅਕ ਕਾਨ.ਫਰੰਸਾਂ ਪੰਜਾਬ ਅਤੇ ਦੇਸ਼ ਦੇ ਕਈ ਹੋਰਨਾਂ ਹਿੱਸਿਆਂ ਵਿੱਚ ਕਰਵਾ ਚੁੱਕੀ ਹੈ । ਜਿਵੇਂ ਕਿ ਅੰਮ੍ਰਿਤਸਰ ਵਿੱਚ 12 ਲਾਹੌਰ ਵਿੱਚ 4, ਗੁਜਰਾਂਵਾਲਾ ਵਿੱਚ 3, ਰਾਵਲਪਿੰਡੀ ਵਿੱਚ 3, ਦਿੱਲੀ ਵਿੱਚ 3, ਚੰਡੀਗੜ੍ਹ ਵਿੱਚ 3, ਪਟਿਆਲਾ ਵਿੱਚ 3, ਲੁਧਿਆਣਾ ਵਿੱਚ 3, ਤਰਨਤਾਰਨ ਵਿੱਚ 3, ਸਿਆਲਕੋਟ ਵਿੱਚ 2, ਜਲੰਧਰ ਵਿੱਚ 2, ਸਰਗੋਧਾ ਵਿੱਚ 2, ਕਾਨਪੁਰ ਵਿੱਚ 2, ਮੁੰਬਈ ਵਿੱਚ 2, ਅੰਬਾਲਾ, ਫ਼ਿਰੋਜ਼ਪੁਰ, ਡਿੰਗਾ, ਹੁਸ਼ਿਆਰਪੁਰ, ਮਿੰਟਗੁਮਰੀ, ਪਿਸ਼ਾਵਰ, ਮੰਡੀ ਬੂੜੇਵਾਲ, ਫ਼ਰੀਦਕੋਟ, ਸ਼ੇਖੂਪੁਰਾ, ਕਰਾਚੀ, ਸ਼੍ਰੀ ਹਜ਼ੂਰ ਸਾਹਿਬ, ਸ਼੍ਰੀ ਪਟਨਾ ਸਾਹਿਬ, ਇੰਦੌਰ, ਧੰਨਬਾਦ, ਪੂਨਾ, ਕਲਕੱਤਾ, ਰਾਂਚੀ, ਗੋਨਿਆਣਾ ਮੰਡੀ, ਮਲੋਟ , ਢਾਹਾਂ ਕਲੇਰਾਂ(ਨਵਾਂ ਸ਼ਹਿਰ) ਵਿੱਚ ਇੱਕ ਇੱਕ ਕਾਨਫਰੰਸ ਹੋ ਚੁੱਕੀ ਹੈ ।

ਇਹਨਾਂ ਕਾਨਫਰੰਸਾਂ ਵਿੱਚ ਦੇਸ਼ ਦੇ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਜਪਾਲ ਤੇ ਮੁੱਖ ਮੰਤਰੀ ਸ਼ਾਮਲ ਹੁੰਦੇ ਰਹੇ । ਦੇਸ਼ ਦੇ ਸਿੱਖ ਧਾਰਮਿਕ ਸੰਤਾਂ, ਮਹਾਂਪੁਰਸ਼ਾਂ, ਰਾਗੀਆਂ, ਢਾਡੀਆਂ ਅਤੇ ਵਿਦਵਾਨਾਂ ਨੇ ਵੀ ਭਰਵਾਂ ਯੋਗਦਾਨ ਪਾਇਆ ਜਿਨ੍ਹਾਂ ਵਿੱਚ ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਬਾਬਾ ਸ਼ਾਮ ਸਿੰਘ ਜੀ, ਮਹੰਤ ਤੀਰਥ ਸਿੰਘ ਜੀ ਸੇਵਾਪੰਥੀ, ਸੰਤ ਸੰਗਤ ਸਿੰਘ ਜੀ ਕਮਾਲੀਆ, ਸੰਤ ਨਿਸ਼ਚਲ ਸਿੰਘ ਜੀ, ਭਾਈ ਸਮੁੰਦ ਸਿੰਘ ਜੀ, ਭਾਈ ਹੀਰਾ ਸਿੰਘ ਜੀ, ਮਹੰਤ ਤਖ਼ਤ ਸਿੰਘ ਜੀ, ਭਾਈ ਗੋਪਾਲ ਸਿੰਘ ਜੀ ਆਦਿ ਵਿਸ਼ੇਸ਼ ਹਨ।

68ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਗੁਰੂ ਨਗਰੀ ਸ਼੍ਰੀ ਆਨੰਦਪੁਰ ਸਾਹਿਬ ਦੇ ਐਸ.ਜੀ.ਐਸ. ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ 21, 22 ਤੇ 23 ਨਵੰਬਰ ਦਿਨ ਵੀਰਵਾਰ, ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਹੋ ਰਹੀ ਹੈ । 21 ਨਵੰਬਰ ਨੂੰ ਸ਼੍ਰੀ ਅਖੰਡ-ਪਾਠ ਸਾਹਿਬ ਦੇ ਭੋਗ ਉਪਰੰਤ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ-ਕੀਰਤਨ ਸਜਾਇਆ ਜਾਵੇਗਾ । ਇਸੇ ਦਿਹਾੜੇ ਸ਼ਾਮ ਨੂੰ ਮਹਾਨ ਕੀਰਤਨ ਦਰਬਾਰ ਹੋਵੇਗਾ। 22 ਨਵੰਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤੱਕ ਚਾਰ ਸੈਮੀਨਾਰ ਕਰਵਾਏ ਜਾ ਰਹੇ ਹਨ ਪਹਿਲੇ ਦੋ ਸੈਮੀਨਾਰਾਂ ਦਾ ਵਿਸ਼ਾ ਪੰਜਾਬੀ ਭਾਸ਼ਾ ਨਾਲ ਸਬੰਧਤ ਹੋਵੇਗਾ, ਤੀਜਾ ਸੈਮੀਨਾਰ ਆਧੁਨਿਕ ਖੇਤੀ ਸਬੰਧੀ ਅਤੇ ਚੌਥਾ ਸੈਮੀਨਾਰ ਰੁਜ਼ਗਾਰ ਅਧਾਰਿਤ ਸੈਮੀ ਕੰਡਕਟਰ ਵਿਸ਼ੇ ਉੱਪਰ ਹੋਵੇਗਾ। 23 ਨਵੰਬਰ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਸਵਾਗਤੀ ਕਮੇਟੀ ਦੇ ਚੇਅਰਮੈਨ ਕੁਲਤਾਰ ਸਿੰਘ ਸੰਧਵਾਂ ਵਿਸ਼ੇਸ਼ ਤੌਰ 'ਤੇ ਪਹੁੰਚਣਗੇ । ਕਾਨਫਰੰਸ ਵਿੱਚ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ, ਤਖਤ ਸ਼੍ਰੀ ਦਮਦਮਾ ਸਾਹਿਬ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਅਤੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ । ਕਾਨਫਰੰਸ ਦਾ ਮੁੱਖ ਮੰਤਵ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨਾ ਹੈ। ਕਾਨਫਰੰਸ ਵਿੱਚ ਸੈਮੀਨਾਰ, ਨਗਰ ਕੀਰਤਨ ਤੋਂ ਇਲਾਵਾ ਪ੍ਰਦਰਸ਼ਨੀਆਂ ਵੀ ਲਗਾਈਆਂ ਜਾ ਰਹੀਆਂ ਹਨ । ਸਮਾਗਮ ਵਿੱਚ ਰਾਜਸੀ, ਧਾਰਮਿਕ, ਸਮਾਜਿਕ ਸਮੇਤ ਵੱਖ-ਵੱਖ ਖੇਤਰਾਂ ਨਾਲ ਸਬੰਧਤ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਜਾਣਗੇ। ਸਮਾਗਮ ਵਿੱਚ ਸੰਤ ਮਹਾਂਪੁਰਸ਼ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ । ਚੀਫ਼ ਖ਼ਾਲਸਾ ਦੀਵਾਨ ਦੇ ਸ਼ਾਨਾਮਤੇ ਇਤਿਹਾਸ ਦੀ ਗਾਥਾ ਅਤੇ ਪ੍ਰਾਪਤੀਆਂ ਨੂੰ ਦਰਸਾਉਂਦਾ ਇੱਕ ਸੋਵੀਨਰ ਵੀ ਰਿਲੀਜ਼ ਕੀਤਾ ਜਾਵੇਗਾ ।

# ਸੰਘਰਸ਼ ਦੀ ਬਦਲ ਰਹੀ ਦਿਸ਼ਾ

**ਅੰਗਰੇਜ ਸਿੰਘ**
**ਮੋ. 84274-59259**

ਪੁਰਾਤਨ ਸਮੇਂ ਤੋਂ ਹੀ ਪੰਜਾਬ ਨੇ ਆਪਣੇ ਸੰਘਰਸ਼ਮਈ ਇਤਿਹਾਸ ਲਈ ਦੁਨੀਆ ਭਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੋਈ ਹੈ । ਇੱਕ ਸਮਾਂ ਉਹ ਸੀ, ਜਦੋਂ ਬਾਹਰੀ ਹਮਲਾਵਰਾਂ ਲਈ ਪੰਜਾਬ ਹੀ ਭਾਰਤ ਵਿੱਚ ਦਾਖਲ ਹੋਣ ਦਾ ਇੱਕੋ-ਇੱਕ ਰਸਤਾ ਸੀ । ਜਿਸ ਕਿਸੇ ਨੇ ਵੀ ਭਾਰਤ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਸਭ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਸੰਘਰਸ਼ ਕਰਨਾ ਪਿਆ । ਇਸ ਲਈ ਪੰਜਾਬ ਦੇ ਲੋਕ ਮੁੱਢ ਕਦੀਮ ਤੋਂ ਸੰਘਰਸ਼ਮਈ ਜੀਵਨ ਬਤੀਤ ਕਰਨ ਦੇ ਆਦੀ ਹੋ ਗਏ ।

ਇੱਕ ਸਮਾਂ ਉਹ ਵੀ ਸੀ, ਜਦੋਂ 1947 ਵਿੱਚ ਭਾਰਤ ਦੇ ਬਟਵਾਰੇ ਨਾਲ-ਨਾਲ ਪੰਜਾਬ ਦੋ-ਫਾੜ ਹੋ ਗਿਆ । ਇੱਕ ਪੱਛਮੀ ਪੰਜਾਬ ਅਤੇ ਦੂਜਾ ਪੂਰਬੀ ਪੰਜਾਬ ਨਕਸ਼ੇ 'ਤੇ ਉੱਭਰ ਆਏ । ਉਸ ਸਮੇਂ ਵੀ ਦੋਵਾਂ ਪਾਸਿਆਂ ਦੇ ਲੋਕਾਂ ਨੇ ਅਨੇਕ ਮੁਸ਼ਕਲਾਂ ਦਾ ਸਾਹਮਣਾ ਕੀਤਾ । ਬਹੁਤ ਸਾਰੇ ਲੋਕਾਂ ਨੇ ਆਪਣੇ ਵਸਦੇ ਘਰ ਅਤੇ ਚੱਲਦਾ ਕਾਰੋਬਾਰ ਅੱਖੀਂ ਉਜੜਦਾ ਵੇਖਿਆ। ਅਨੇਕਾਂ ਵਾਰ ਪੰਜਾਬ ਦੇ ਲੋਕ ਰਾਜਨੀਤਕ ਅਤੇ ਧਾਰਮਿਕ ਉਥਲ-ਪੁਥਲ ਦੇ ਸ਼ਿਕਾਰ ਹੋਏ । ਇਹਨਾਂ ਅਮਨ-ਪਸੰਦ ਲੋਕਾਂ ਨੂੰ ਕਾਫੀ ਲੰਮਾ ਸਮਾਂ ਕਾਲੇ ਦੌਰ ਵਿੱਚੋਂ ਦੀ ਲੰਘਣਾ ਪਿਆ, ਜਦੋਂ ਪੰਜਾਬ ਵਿੱਚ ਜੀਵਤ ਰਹਿਣਾ ਹੀ ਇੱਕ ਸੰਘਰਸ਼ ਬਣਿਆ ਹੋਇਆ ਸੀ, ਵਿਕਾਸ ਜਾਂ ਤਰੱਕੀ ਦੀ ਤਾਂ ਕੋਈ ਗੱਲ ਲੋਕਾਂ ਦੇ ਚਿੱਤ-ਚੇਤੇ ਵੀ ਨਹੀਂ ਸੀ । ਕਿਵੇਂ ਨਾ ਕਿਵੇਂ ਸਥਾਨਕ ਲੋਕਾਂ ਦੇ ਸਹਿਯੋਗ ਅਤੇ ਵਿਸ਼ੇਸ਼ ਉਪਰਾਲੇ ਕਰਕੇ ਪੰਜਾਬ ਕਾਲੇ ਦੌਰ ਵਿੱਚੋਂ ਉੱਭਰ ਸਕਿਆ ਅਤੇ ਵਿਕਾਸ ਦੇ ਰਾਹ 'ਤੇ ਚੱਲ ਪਿਆ । ਬਿਨਾਂ ਸ਼ੱਕ ਪਿਛਲੇ ਕੁੱਝ ਸਾਲਾਂ ਵਿੱਚ ਪੰਜਾਬ ਨੇ ਹਰ ਖੇਤਰ ਵਿੱਚ ਚੋਖੀ ਤਰੱਕੀ ਕੀਤੀ ਹੈ । ਅੱਜ ਸਮਾਜਿਕ-ਆਰਥਿਕ ਉੱਨਤੀ ਹਰ ਪਾਸੇ ਨਜ਼ਰ ਆ ਰਹੀ ਹੈ, ਪ੍ਰੰਤੂ ਇਸ ਤਰੱਕੀ ਦਾ ਇੱਕੋ ਜਿਹਾ ਆਨੰਦ ਸਮਾਜ ਦੇ ਸਾਰੇ ਵਰਗਾਂ ਦੀ ਪਹੁੰਚ ਤੋਂ ਕਾਫੀ ਦੂਰ ਹੈ। ਕਿਉਂਕਿ ਪੰਜਾਬ ਦੇ ਲੋਕ ਆਰੰਭ ਤੋਂ ਹੀ ਸੰਘਰਸ਼ਮਈ ਹਨ, ਇਸ ਕਰਕੇ ਅੱਜ ਵੀ ਉਹ ਸੰਘਰਸ਼ ਕਰਦੇ ਆਮ ਵੇਖੇ ਜਾ ਸਕਦੇ ਹਨ । ਪ੍ਰੰਤੂ ਉਹਨਾਂ ਦੇ ਸੰਘਰਸ਼ ਦਾ ਰੂਪ, ਉਦੇਸ਼ ਅਤੇ ਦਿਸ਼ਾ ਬਦਲ ਚੁੱਕੇ ਹਨ ।

ਅੱਜ ਪੰਜਾਬ ਦੇ ਨੌਜਵਾਨ ਪਹਿਲਾਂ ਤਾਂ ਮਹਿੰਗੀ ਅਤੇ ਗੁੰਝਲਦਾਰ ਹੋ ਰਹੀ ਸਿੱਖਿਆ ਪ੍ਰਾਪਤ ਕਰਨ ਲਈ ਸੰਘਰਸ਼ ਕਰਦੇ ਹਨ । ਫਿਰ ਉਹ ਕਿਵੇਂ ਨਾ ਕਿਵੇਂ ਜੇਕਰ ਸਿੱਖਿਆ ਗ੍ਰਹਿਣ ਕਰ ਵੀ ਲੈਣ ਤਾਂ ਉਹਨਾਂ ਨੂੰ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰਨਾ ਪੈਂਦਾ ਹੈ । ਰੁਜ਼ਗਾਰ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਉਹ ਜਾਂ ਤਾਂ ਮੌਕੇ ਦੀਆਂ ਸਰਕਾਰਾਂ ਨੂੰ ਦੋਸ਼ੀ ਮੰਨਦੇ ਹਨ ਜਾਂ ਫਿਰ ਵਰਤਮਾਨ ਸਿੱਖਿਅਕ ਪ੍ਰਣਾਲੀ ਨੂੰ । ਕੁੱਝ ਨੌਜਵਾਨ ਬੇਰੁਜ਼ਗਾਰੀ ਤੋਂ ਤੰਗ ਆ ਕੇ ਅਸਮਾਜਿਕ ਗਤੀਵਿਧੀਆਂ ਜਾਂ ਨਸ਼ਿਆਂ ਦੀ ਦਲਦਲ ਵਿੱਚ ਧੱਸਦੇ ਜਾ ਰਹੇ ਹਨ । ਅਜਿਹੇ ਨੌਜਵਾਨਾਂ ਨੂੰ ਸਿੱਧੇ ਰਾਹ 'ਤੇ ਤੋਰਨ ਲਈ ਪੂਰਾ ਪੰਜਾਬ ਹੀ ਸੰਘਰਸ਼ ਕਰ ਰਿਹਾ ਹੈ, ਜਿਸ ਵਿੱਚ ਮਾਪੇ, ਸਰਕਾਰਾਂ ਅਤੇ ਸਮਾਜ ਸੇਵੀ ਸੰਸਥਾਵਾਂ ਸ਼ਾਮਲ ਹਨ ।

ਦੇਸ਼ ਲਈ ਅੰਨ ਦੇ ਭੰਡਾਰ ਭਰਨ ਵਾਲੇ ਕਿਸਾਨ ਦੀ ਹਾਲਤ ਦਿਨ-ਪ੍ਰਤੀ-ਦਿਨ ਵਿਗੜਦੀ ਜਾ ਰਹੀ ਹੈ। ਉਸ ਲਈ ਖੇਤੀਬਾੜੀ ਘਾਟੇ ਦਾ ਸੌਦਾ ਬਣਦੀ ਜਾ ਰਹੀ ਹੈ । ਉਹ ਆਪਣੀਆਂ ਪਰਿਵਾਰਕ ਅਤੇ ਖੇਤੀਬਾੜੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਰਜ਼ੇ ਦੇ ਜਾਲ ਵਿੱਚ ਇਸ ਕਦਰ ਫਸ ਗਿਆ ਹੈ ਕਿ ਉਸ ਨੂੰ ਆਤਮ-ਹੱਤਿਆ ਕਰਨਾ ਹੀ ਅੰਤਿਮ ਛੁਟਕਾਰਾ ਦਿਸਦਾ ਹੈ । ਇਸ ਤਰ੍ਹਾਂ ਕਿਸਾਨ ਨੂੰ ਜੀਵਤ ਰਹਿਣ ਲਈ ਸੰਘਰਸ਼ ਕਰਦੇ ਵੇਖਿਆ ਜਾ ਸਕਦਾ ਹੈ ।

ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਦੇ ਵਧਦੇ ਪ੍ਰਭਾਵ ਕਾਰਨ ਅੱਜ ਛੋਟੇ ਵਪਾਰੀ ਅਤੇ ਦੁਕਾਨਦਾਰ ਵੱਡੇ ਸ਼ਾਪਿੰਗ ਮਾਲਾਂ ਅਤੇ ਆਨ-ਲਾਈਨ ਸ਼ਾਪਿੰਗ ਸਕੀਮਾਂ ਦਾ ਮੁਕਾਬਲਾ ਕਰਨ ਦੇ ਅਸਮਰੱਥ ਹੋ ਰਹੇ ਹਨ ਅਤੇ ਉਹ ਆਪਣੀ ਰੋਜ਼ੀ ਰੋਟੀ ਜਾਂਦੀ ਵੇਖ ਕੇ ਇਸ ਡੂੰਘੀ ਸੋਚ ਵਿੱਚ ਡੁੱਬ ਰਹੇ ਹਨ ਕਿ ਉਹਨਾਂ ਅਤੇ ਉਹਨਾਂ ਦੇ ਬੱਚਿਆਂ ਦਾ ਭਵਿੱਖ ਕੀ ਹੋਵੇਗਾ ? ਉਹ ਆਪਣੇ ਕਾਰੋਬਾਰ ਦੀ ਹੋਂਦ ਬਚਾਉਣ ਲਈ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ । ਇਸ ਤਰ੍ਹਾਂ ਜੀ.ਐਸ.ਟੀ. ਅਤੇ ਨੋਟ-ਬੰਦੀ ਦੇ ਪ੍ਰਭਾਵ ਕਾਰਨ ਕਾਰੋਬਾਰ ਵਿੱਚ ਆਈ ਮੰਦੀ ਤੋਂ ਬਚਣ ਲਈ ਸਾਰਾ ਵਪਾਰੀ ਵਰਗ ਹੀ ਸੰਘਰਸ਼ ਕਰ ਰਿਹਾ ਹੈ ।

ਰੋਜ਼ਾਨਾ ਟ੍ਰੈਫਿਕ ਨਾਲ ਭਰੀਆਂ, ਸੜਕਾਂ ਉਪਰ ਆਮ ਜਨਤਾ ਨੂੰ ਆਪਣੀ ਮੰਜ਼ਿਲ 'ਤੇ ਸੁਖਮਈ ਪਹੁੰਚਣ ਲਈ ਸੰਘਰਸ਼ ਕਰਦੇ ਵੀ ਵੇਖਿਆ ਜਾ ਸਕਦਾ ਹੈ । ਇਸ ਤਰ੍ਹਾਂ ਹੀ ਵਧਦੀ ਮਹਿੰਗਾਈ ਅਤੇ ਘਟਦੀ ਕਮਾਈ ਜਾਂ ਹੋਰ ਮੰਗਾਂ ਮੰਨਵਾਉਣ ਲਈ ਪੰਜਾਬ ਦਾ ਹਰੇਕ ਵਰਗ ਸੜਕਾਂ 'ਤੇ ਉੱਤਰ ਕੇ ਸੰਘਰਸ਼ ਕਰਦਾ ਨਜ਼ਰ ਆ ਰਿਹਾ ਹੈ । ਜਦੋਂ ਪੰਜਾਬ ਵਿੱਚ ਰੁਜ਼ਗਾਰ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਬਹੁਤ ਸਾਰੇ ਨੌਜਵਾਨ ਪੰਜਾਬ ਤੋਂ ਬਾਹਰ ਜਾਂ ਵਿਦੇਸ਼ ਵਿੱਚ ਜਾ ਕੇ ਆਪਣੇ ਚੰਗੇ ਭਵਿੱਖ ਦੇ ਸੁਫਨੇ ਪੂਰੇ ਕਰਨ ਦੀ ਕੋਸ਼ਿਸ਼ ਕਰਦੇ ਹਨ, ਪ੍ਰੰਤੂ ਬਹੁਤੀ ਵਾਰ ਉਹ ਵੀ ਏਜੰਟਾਂ ਜਾਂ ਵਿਚੋਲਿਆਂ ਦੇ ਝਾਂਸੇ ਵਿੱਚ ਆ ਕੇ ਆਪਣਾ ਸਭ ਕੁੱਝ ਗੁਆ ਬੈਠਦੇ ਹਨ, ਇੱਥੋਂ ਤੱਕ ਕਿ ਕਈ ਵਾਰ ਆਪਣੀ ਜਾਨ ਵੀ । ਇਸ ਤਰ੍ਹਾਂ ਨੌਜਵਾਨ ਵਰਗ ਵਿਦੇਸ਼ਾਂ ਵਿੱਚ ਜਾ ਕੇ ਡਾਲਰਾਂ ਤੇ ਪੌਂਡਾਂ ਲਈ ਸੰਘਰਸ਼ ਕਰ ਰਿਹਾ ਹੈ ।

ਕਦੇ ਔਰਤਾਂ ਦੀ ਰੱਖਿਆ ਕਰਨ ਲਈ ਆਪਣਾ ਸਭ ਕੁੱਝ ਵਾਰਨ ਵਾਲੇ ਪੰਜਾਬੀ ਅੱਜ ਲੜਕੀਆਂ ਨੂੰ ਬੋਝ ਮੰਨਦੇ ਹੋਏ ਕੁੱਖ ਵਿੱਚ ਹੀ ਮਾਰਨ ਨੂੰ ਚੰਗਾ ਸਮਝਦੇ ਹਨ । ਤਦੇ ਪੰਜਾਬ ਇਸਤਰੀ-ਪੁਰਖ ਅਨੁਪਾਤ ਲਗਾਤਾਰ ਡਿੱਗ ਰਿਹਾ ਹੈ । ਇਸ ਤਰ੍ਹਾਂ ਲੜਕੀਆਂ ਇਸ ਸੰਸਾਰ ਵਿੱਚ ਆਉਣ ਲਈ ਸੰਘਰਸ਼ ਕਰ ਰਹੀਆਂ ਹਨ । ਦੂਜੇ ਪਾਸੇ ਵਿਕਾਸ ਦੇ ਨਾਂਅ 'ਤੇ ਲੱਖਾਂ ਦਰੱਖਤਾਂ ਦੀ ਬਲੀ ਦਿੱਤੀ ਜਾ ਰਹੀ ਹੈ, ਜਿਸ ਕਰਕੇ ਨੇੜੇ ਭਵਿੱਖ ਵਿੱਚ ਵਾਤਾਵਰਣੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਇਸੇ ਤਰ੍ਹਾਂ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਵੀ ਦਿਨ-ਪ੍ਰਤੀ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ ਅਤੇ ਵਧਦੇ ਰਸਾਇਣਾਂ ਦੀ ਵਰਤੋਂ ਕਰਕੇ ਕੈਂਸਰ ਦਾ ਦੈਂਤ ਪੰਜਾਬ ਵਿੱਚ ਕੀਮਤੀ ਜਾਨਾਂ ਨੂੰ ਖਾ ਰਿਹਾ ਹੈ । ਇਹ ਸਾਰਾ ਕੁੱਝ ਦੇਖ ਕੇ ਇੰਝ ਲੱਗਦਾ ਹੈ, ਜਿਵੇਂ ਕੁਦਰਤ ਵੀ ਮਨੁੱਖ ਨਾਲ ਸੰਘਰਸ਼ ਕਰ ਰਹੀ ਹੋਵੇ ।

ਸਭ ਤੋਂ ਵੱਧ ਪੰਜਾਬ ਦੇ ਰਾਜਨੀਤੀਵਾਨਾਂ ਵੱਲੋਂ ਵੋਟਾਂ ਲਈ ਅਨੇਕ ਨਵੇਂ ਹੱਥਕੰਡੇ ਅਪਨਾਏ ਜਾ ਰਹੇ ਹਨ । ਲੋਕ-ਲੁਭਾਊ ਸਕੀਮਾਂ ਅਤੇ ਸਬਸਿਡੀਆਂ ਦੀ ਭਰਮਾਰ ਵਾਲੇ ਵਾਅਦੇ ਕੀਤੇ ਜਾਂਦੇ ਹਨ । ਲੋਕਾਂ ਦੀ ਧਾਰਮਿਕ ਅਤੇ ਸਮਾਜਿਕ ਭਾਵਨਾਵਾਂ ਨੂੰ ਉਛਾਲ ਕੇ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ । ਇਸ ਤਰ੍ਹਾਂ ਵੱਖ-ਵੱਖ ਰਾਜਨੀਤਕ ਪਾਰਟੀਆਂ ਅਤੇ ਰਾਜਨੀਤੀਵਾਨਾਂ ਵਿੱਚ ਆਪੋ-ਆਪਣੇ ਸੁਆਰਥਾਂ ਨੂੰ ਪੂਰਾ ਕਰਨ ਲਈ ਸੰਘਰਸ਼ ਦਿਨ-ਪ੍ਰਤੀ-ਦਿਨ ਤੇਜ਼ ਹੋ ਰਿਹਾ ਹੈ । ਪੰਜਾਬੀ ਫ਼ਿਲਮਾਂ, ਗੀਤਾਂ, ਪਹਿਰਾਵੇ, ਰੀਤੀ-ਰਿਵਾਜ਼ਾਂ ਅਤੇ ਖਾਣ-ਪੀਣ 'ਤੇ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਪੰਜਾਬੀਅਤ ਲਈ ਖ਼ਤਰਾ ਬਣ ਰਿਹਾ ਹੈ । ਅਨੇਕਾਂ ਯਤਨਾਂ ਦੇ ਬਾਵਜੂਦ ਮਾਤ-ਭਾਸ਼ਾ ਪੰਜਾਬੀ ਨੂੰ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ ।

ਇਹ ਸਾਰਾ ਕੁੱਝ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਪੰਜਾਬ ਬਦਲ ਰਿਹਾ ਹੈ ਪਰ ਇਸ ਤਰ੍ਹਾਂ ਆਉਣ ਵਾਲਾ ਬਦਲਾਓ ਪੰਜਾਬ ਨੂੰ ਕਿਸ ਰਸਤੇ 'ਤੇ ਲੈ ਕੇ ਜਾ ਰਿਹਾ ਹੈ, ਇਸ ਦੀ ਡੂੰਘਾਈ ਨਾਲ ਸੋਚ ਵਿਚਾਰ ਕਰਨ ਦੀ ਲੋੜ ਹੈ । ਜੇਕਰ ਪੰਜਾਬ ਨੂੰ ਸਚਮੁੱਚ ਖੁਸ਼ਹਾਲ ਬਣਾਉਣਾ ਹੈ ਅਤੇ ਕੈਲੇਫੋਰਨੀਆ ਬਣਦਾ ਵੇਖਣਾ ਹੈ ਤਾਂ ਸਾਨੂੰ ਪੰਜਾਬ ਦੇ ਵਿਕਾਸ ਤੋਂ ਹੋਣ ਵਾਲੇ ਲਾਭਾਂ ਲਈ ਪ੍ਰੇਰਿਤ ਕਰਕੇ ਨਾਲ ਲੈ ਕੇ ਚੱਲਣਾ ਪਵੇਗਾ । ਵਧਦੀ ਬੇਰੁਜ਼ਗਾਰੀ, ਨਸ਼ਿਆਂ ਦੀ ਵਧਦੀ ਵਰਤੋਂ, ਕਿਸਾਨ ਖੁਦਕੁਸ਼ੀਆਂ ਆਦਿ ਸਮੱਸਿਆਵਾਂ ਦਾ ਹੱਲ ਗੰਭੀਰ ਹੋ ਕੇ ਪਹਿਲ ਦੇ ਆਧਾਰ 'ਤੇ ਕਰਨਾ ਪਵੇਗਾ । ਛੋਟੇ ਸੀਮਾਂਤ ਕਿਸਾਨਾਂ ਅਤੇ ਭੂਮੀਹੀਣ ਖੇਤ ਮਜ਼ਦੂਰਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਫ਼ਸਲੀ ਵਿਭਿੰਨਤਾ, ਸਹਾਇਕ ਧੰਦੇ ਅਤੇ ਫੂਡ ਪ੍ਰੋਸੈਸਿੰਗ ਆਦਿ ਨੂੰ ਉਤਸ਼ਾਹਿਤ ਕਰਨ ਲਈ ਨਵੀਂਆਂ ਸਕੀਮਾਂ ਅਤੇ ਟ੍ਰੇਨਿੰਗ ਆਦਿ ਨੂੰ ਵੱਡੇ ਪੱਧਰ 'ਤੇ ਆਰੰਭ ਕਰਨਾ ਪਵੇਗਾ । ਕਿਸਾਨ ਦੇ ਆਰਥਿਕ ਬੋਝ ਨੂੰ ਘੱਟ ਕਰਨ ਲਈ ਫ਼ਸਲ ਬੀਮਾ ਅਤੇ ਘੱਟ ਵਿਆਜ 'ਤੇ ਆਰੰਭ ਕਰਨਾ ਪਵੇਗਾ । ਕਿਸਾਨ ਦੇ ਆਰਥਿਕ ਬੋਝ ਨੂੰ ਘੱਟ ਕਰਨ ਲ਼ਈ ਫ਼ਸਲ ਬੀਮਾ ਅਤੇ ਘੱਟ ਵਿਆਜ 'ਤੇ ਸਹਿਕਾਰੀ ਕਰਜ਼ੇ ਦੀਆਂ ਸਹੂਲਤਾਂ ਵਧਾਉਣ ਦੇ ਯਤਨ ਕਰਨੇ ਪੈਣਗੇ । ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਵੱਡੀਆਂ ਕੰਪਨੀਆਂ ਦਾ ਮੁਕਾਬਲਾ ਕਰਨਯੋਗ ਬਣਾਉਣ ਲਈ ਆਰਥਿਕ ਸੁਰੱਖਿਆ ਦੇਣਾ ਸਮੇਂ ਦੀ ਅਤਿਅੰਤ ਲੋੜ ਹੈ। ਪੰਜਾਬ ਵਿੱਚ ਭਾਵੇਂ ਕੁਦਰਤੀ ਸਾਧਨਾਂ ਦੀ ਘਾਟ ਹੈ, ਪ੍ਰੰਤੂ ਖੇਤੀ ਆਧਾਰਤ ਛੋਟੇ ਅਤੇ ਦਰਮਿਆਨੇ ਉਦਯੋਗਾਂ ਦੇ ਵਿਸਥਾਰ ਸਬੰਧੀ ਉਚਿਤ ਰਣਨੀਤੀ ਅਪਣਾ ਕੇ ਵਾਧੂ ਕਿਰਤ ਨੂੰ ਕੰਮ 'ਤੇ ਲਾਇਆ ਜਾ ਸਕਦਾ ਹੈ । ਅਜਿਹਾ ਕਰਨ ਨਾਲ ਇੱਕ ਪਾਸੇ ਖੇਤੀਬਾੜੀ ਆਧਾਰਤ ਉਦਯੋਗਾਂ ਵਿੱਚ ਖੇਤੀਬਾੜੀ ਦੀ ਪੈਦਾਵਾਰ ਨੂੰ ਕੱਚੇ ਮਾਲ ਦੇ ਤੌਰ 'ਤੇ ਸਪਲਾਈ ਕਰ ਕੇ ਕਿਸਾਨ ਨੂੰ ਆਪਣੀ ਫ਼ਸਲ ਦੀ ਮੰਡੀ ਵਿੱਚ ਚੰਗੀ ਕੀਮਤ ਮਿਲੇਗੀ । ਦੂਜੇ ਪਾਸੇ ਵਧਦੀ ਆਬਾਦੀ ਦਾ ਖੇਤੀਬਾੜੀ 'ਤੇ ਬੋਝ ਘਟੇਗਾ ।

ਵਿਦੇਸ਼ਾਂ ਵਿੱਚ ਦੇਸ਼ ਵਾਸੀਆਂ 'ਤੇ ਹੋ ਰਹੇ ਅੱਤਿਆਚਾਰ ਅਤੇ ਸੋਸ਼ਣ ਨੂੰ ਰੋਕਣ ਲਈ ਭਾਰਤ ਸਰਕਾਰ ਦੀ ਵਿਦੇਸ਼ ਨੀਤੀ ਵਿੱਚ ਉਚਿਤ ਬਦਲਾਓ ਅਤੇ ਆਪਣੀ ਸਹਿਯੋਗ ਰਾਹੀਂ ਯਤਨ ਕੀਤੇ ਜਾ ਸਕਦੇ ਹਨ । ਸਥਾਨਕ ਬੋਲੀ, ਰੀਤੀ-ਰਿਵਾਜ਼ਾਂ ਅਤੇ ਸੱਭਿਆਚਾਰ ਨੂੰ ਬਾਹਰੀ ਪ੍ਰਭਾਵ ਤੋਂ ਬਚਾਉਣ ਲਈ ਇਸ ਪ੍ਰਤੀ ਪਿਆਰ ਅਤੇ ਸਤਿਕਾਰ ਹੋਣਾ ਚਾਹੀਦਾ ਹੈ, ਜੋ ਨਵੀਂ ਪੀੜ੍ਹੀ ਵਿੱਚ ਚੰਗੀ ਸਿੱਖਿਆ ਪ੍ਰਣਾਲੀ ਅਤੇ ਪ੍ਰਚਾਰ ਰਾਹੀਂ ਵਿਕਸਿਤ ਕੀਤਾ ਜਾ ਸਕਦਾ ਹੈ ।

ਪੰਜਾਬ ਲਈ ਅਜਿਹੇ ਸਥਾਈ ਵਿਕਾਸ ਮਾਡਲ ਦੀ ਲੋੜ ਹੈ, ਜੋ ਵਰਤਮਾਨ ਪੀੜ੍ਹੀ ਦੀਆਂ ਲੋੜਾਂ ਦੀ ਪੂਰਤੀ ਆਉਣ ਵਾਲੀ ਪੀੜ੍ਹੀ ਨੂੰ ਨੁਕਸਾਨ ਪਹੁੰਚਾਏ ਬਿਨਾ ਕਰੇ । ਅਜਿਹੇ ਵਿਕਾਸ ਲਈ ਸਮੂਹਿਕ ਸੰਘਰਸ਼ ਦੀ ਲੋੜ ਹੈ । ਇਸ ਲ਼ਈ ਅਸੀਂ ਕੇਵਲ ਸਰਕਾਰਾਂ ਨੂੰ ਜ਼ਿੰਮੇਵਾਰੀ ਨਹੀਂ ਦੇ ਸਕਦੇ, ਸਗੋਂ ਖੁਸ਼ਹਾਲ ਪੰਜਾਬ ਲਈ ਨਾ ਕੇਵਲ ਰਾਜਨੀਤਕ ਪਾਰਟੀਆਂ ਨੂੰ ਆਪਣੀ ਸੌੜੀ ਅਤੇ ਮੌਕਾਪ੍ਰਸਤ ਰਾਜਨੀਤੀ ਤੋਂ ਉੱਪਰ ਉੱਠਣਾ ਪਵੇਗਾ, ਸਗੋਂ ਸਮਾਜਿਕ, ਧਾਰਮਿਕ ਜਥੇਬੰਦੀਆਂ, ਗੈਰ-ਸਰਕਾਰੀ ਸੰਸਥਾਵਾਂ, ਸਭ ਤੋਂ ਵੱਧ ਆਮ ਲੋਕਾਂ ਨੂੰ ਮੋਢੇ ਨਾਲ ਮੋਢਾ ਜੋੜ ਕੇ ਲਾਮਬੰਦ ਹੋ ਕੇ ਵਿਸ਼ੇਸ਼ ਦਿਸ਼ਾ ਵੱਲ ਨਿਰ-ਸੁਆਰਥ ਸੰਘਰਸ਼ਮਈ ਯਤਨ ਕਰਨ ਦੀ ਲੋੜ ਹੈ, ਤਾਂ ਹੀ ਸਾਡੇ ਸੁਫ਼ਨਿਆਂ ਦਾ ਖੁਸ਼ਹਾਲ ਪੰਜਾਬ ਹਕੀਕਤ ਦਾ ਰੂਪ ਲੈ ਸਕਦਾ ਹੈ ।





# ਕੜਕਦੀ ਸਰਦੀ ਵਿਚ ਰਹੋ ਬਰਫ ਦੇ ਹੋਟਲ ਵਿਚ

**ਤੁਸੀਂ ਇੱਥੇ ਕਿੰਨੇ ਦਿਨ ਰੁਕਣਾ ਚਾਹੁੰਦੇ ਹੋ, ਇਹ ਤੁਹਾਡੀ ਹਿੰਮਤ ਤੇ ਨਿਰਭਰ ਕਰਦਾ ਹੈ, ਪਰ ਕਈ ਲੋਕ ਆਪਣੀ ਛੁੱਟੀ ਦੀ ਇਕ ਰਾਤ ਆਈਸ ਹੋਟਲ ਵਿਚ ਗੁਜ਼ਾਰ ਕੇ ਬਾਕੀ ਰਾਤਾਂ ਨੇੜੇ ਦੇ ਗਰਮ ਹੋਟਲ ਵਿਚ ਗੁਜ਼ਾਰਨਾ ਪਸੰਦ ਕਰਦੇ ਹਨ, ਜਿਹਨਾਂ ਦੀਆਂ ਦੀਵਾਰਾਂ ਬਰਫ ਦੀਆਂ ਨਹੀਂ ਹਨ।**

ਤਾਪਮਾਨ ਜ਼ੀਰੋ ਤੋਂ ਕਈ ਡਿਗਰੀ ਹੇਠਾਂ ਹੋਵੇ ਅਤੇ ਮੈਂ ਅਸੀਂ ਕਹੀਏ ਕਿ ਅੱਜ ਦੀ ਰਾਤ ਜ਼ਰਾ ਅਜਿਹੇ ਹੋਟਲ ਵਿਚ ਗੁਜ਼ਾਰੋ, ਜਿਸ ਵਿਚ ਸਭ ਪਾਸੇ ਬਰਫ ਦੀਆਂ ਦੀਵਾਰਾਂ ਹੋਣ ਅਤੇ ਸੌਣ ਦੇ ਲਈ ਬਿਸਤਰ ਵੀ ਬਰਫ ਦੀਆਂ ਸਿੱਲੀਆਂ ਉਤੇ ਬਣਿਆ ਹੋਵੇ ਤਾਂ ਤੁਸੀਂ ਜਾਂ ਤਾਂ ਕਹਿਣ ਵਾਲੇ ਨੂੰ ਪਾਗਲ ਕਹੋਗੇ ਜਾਂ ਫਿਰ ਤੁਸੀਂ ਸਮਝੋਗੇ ਕਿ ਕੋਈ ਤੁਹਾਨੂੰ ਪਾਗਲ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਨਹੀਂ ਜਨਾਬ। ਇਹ ਅਸਲੀਅਤ ਬਿਆਨ ਕਰ ਰਹੇ ਹਾਂ, ਇਕ ਅਜਿਹੇ ਹੋਟਲ ਦੀ ਜੋ ਪੂਰੀ ਤਰ੍ਹਾਂ ਬਰਫ ਦਾ ਬਣਿਆ ਹੋਇਆ ਹੈ। ਉਥੇ ਹਰ ਪਾਸੇ ਸਿਰਫ ਬਰਫ ਹੈ ਅਤੇ ਇਹ ਪਾਗਲਪਣ ਨਹੀਂ ਕਿਉਂਕਿ ਉਥੇ ਲੋਕ ਆਉਂਦੇ ਹਨ ਅਤੇ ਠਹਿਰਦੇ ਹਨ, ਪੂਰੇ ਆਨੰਦ ਦੇ ਨਾਲ। ਹਾਲ ਇਹ ਹੈ ਕਿ ਇਸ ਹੋਟਲ ਵਿਚ ਟਿਕਣ ਦੇ ਲਈ ਤੁਹਾਨੂੰ ਕਾਫੀ ਪਹਿਲਾਂ ਤੋਂ ਬੁਕਿੰਗ ਕਰਵਾਉਣੀ ਹੋਵੇਗੀ।

ਇਸ ਕਿਸਮ ਦੇ ਆਈਸ ਹੋਟਲ ਉਤਰੀ ਯੂਰਪ ਵਿਚ ਵੀ ਹਨ ਅਤੇ ਕੈਨੇਡਾ ਵਿਚ ਵੀ। ਪਰ ਇੱਥੇ ਮੈਂ ਜਿਸ ਹੋਟਲ ਦਾ ਜ਼ਿਕਰ ਕਰ ਰਿਹਾ ਹਾਂ, ਉਹ ਦੁਨੀਆ ਦਾ ਸਭ ਤੋਂ ਵੱਡਾ ਆਈਸ ਹੋਟਲ ਹੈ। ਇਹ ਸਵੀਡਨ ਦੇ ਲੈਪਲੈਂਡ ਇਲਾਕੇ ਵਿਚ ਹੈ, ਜੁਕਾਸਜਾਰਵੀ ਪਿੰਡ ਵਿਚ। ਇਸ ਪਿੰਡ ਦੀ ਆਬਾਦੀ ਕੇਵਲ ਇਕ ਹਜ਼ਾਰ ਹੈ। ਇਹ ਜਗ੍ਹਾ ਆਰਕਟਿਕਸ ਸਰਕਲ ਤੋਂ ਵੀ ਦੋ ਸੌ ਕਿਲੋਮੀਟਰ ਉੱਤਰ ਵਿਚ ਹੈ। ਯੂਰਪ ਦੇ ਸਭ ਤੋਂ ਉੱਤਰੀ ਵੀਰਾਨ ਇਲਾਕੇ ਵਿਚੋਂ ਇਕ। ਉਸ ਇਲਾਕੇ ਵਿਚ ਗਰਮੀਆਂ 'ਚ ਸੌ ਦਿਨਾਂ ਤੱਕ ਸੂਰਜ ਨਹੀਂ ਡੁੱਬਦਾ ਅਤੇ ਸਰਦੀਆਂ ਵਿਚ ਸੌ ਦਿਨਾਂ ਤੱਕ ਸੂਰਜ ਨਹੀਂ ਨਿਕਲਦਾ। ਅਜਿਹੇ ਬਰਫੀਲੇ ਇਲਾਕੇ ਵਿਚ ਆਈਸ ਹੋਟਲ ਦੀ ਕਲਪਨਾ ਰੋਮਾਂਚਿਤ ਕਰ ਦੇਣ ਵਾਲੀ ਹੈ ਪਰ ਇਹ ਹੋਟਲ ਹੁਣ ਵੀਹ ਸਾਲ ਦਾ ਹੋ ਚੁੱਕਾ ਹੈ। ਕੇਵਲ 60 ਵਰਗ ਮੀਟਰ ਤੋਂ ਸ਼ੁਰੂ ਹੋ ਕੇ ਇਹ 5500 ਵਰਗ ਮੀਟਰ ਖੇਤਰਫਲ ਅਖ਼ਤਿਆਰ ਕਰ ਚੁੱਕਾ ਹੈ। ਇਹ ਹੋਟਲ ਹਰ ਮਾਅਨੇ ਵਿਚ ਅਦਭੁਤ ਹੈ। ਸਭ ਤੋਂ ਅਨੋਖੀ ਗੱਲ ਹੈ, ਇਸਦਾ ਨਿਰਮਾਣ। ਕਿਉਂਕਿ ਇਹ ਕੋਈ ਸਥਾਈ ਢਾਂਚਾ ਨਹੀਂ ਹੈ। ਬਰਫ ਦਾ ਬਣਿਆ ਹੈ ਤਾਂ ਗਰਮੀ ਆਉਂਦੇ ਹੀ ਪਿਘਲ ਜਾਂਦਾ ਹੈ ਅਤੇ ਹੋਟਲ ਪਾਣੀ ਪਾਣੀ ਹੋ ਜਾਂਦਾ ਹੈ। ਨੇੜੇ ਵਹਿੰਦੀ ਟੋਰਨ ਨਦੀ ਵਾਂਗ। ਯਾਨਿ ਇਹ ਹੋਟਲ ਕੇਵਲ ਦਸੰਬਰ ਤੋਂ ਅਪ੍ਰੈਲ ਤੱਕ ਦੇ ਪੰਜ ਮਹੀਨੇ ਖੜ੍ਹਾ ਰਹਿੰਦਾ ਹੈ। ਦਸੰਬਰ ਵਿਚ ਤਾਂ ਦਰਅਸਲ ਇਸਦੇ ਬਣਨ ਦੀ ਸ਼ੁਰੂਆਤ ਹੁੰਦੀ ਹੈ ਅਤੇ ਲੋਕ ਦੁਨੀਆ ਭਰ ਤੋਂ ਇਸ ਦੇ ਖੜ੍ਹੇ ਹੋਣ ਦੀ ਪ੍ਰਕਿਰਿਆ ਦੇਖਣ ਵੀ ਪਹੁੰਚਦੇ ਹਨ। ਹਰ ਪਾਸੇ ਦੁਨੀਆ ਭਰ ਤੋਂ ਜੁੜੇ ਕਲਾਕਾਰ, ਆਰਕੀਟੈਕਟ, ਡਿਜ਼ਾਇਨਰ ਅਤੇ ਸਨੋ ਬਿਲਡਰ ਬਰਫ ਨੂੰ ਅਲੱਗ ਅਲੱਗ ਸ਼ਕਲ ਦੇਣ ਵਿਚ ਲੱਗੇ ਰਹਿੰਦੇ ਹਨ। ਟੋਰਨ ਨਦੀ ਵਿਚ ਹੀ ਇਸ ਹੋਟਲ ਦੇ ਲਈ ਇਸਤੇਮਾਲ ਹੋਣ ਵਾਲੀ ਬਰਫ ਦੀ ਖੇਤੀ ਕੀਤੀ ਜਾਂਦੀ ਹੈ। ਬਰਫ ਦੀਆਂ ਸਿੱਲੀਆਂ ਨਾਲ ਢਾਂਚਾ ਖੜ੍ਹਾ ਹੁੰਦਾ ਜਾਂਦਾ ਹੈ ਅਤੇ ਜਿਵੇਂ ਜਿਵੇਂ ਇਹ ਖੜ੍ਹਾ ਹੋਣਾ ਸ਼ੁਰੂ ਹੋ ਜਾਂਦਾ ਹੈ, ਤਿਆਰ ਹਿੱਸਿਆਂ ਵਿਚ ਲੋਕ ਠਹਿਰਨ ਲੱਗਦੇ ਹਨ। ਇਹ ਉਹ ਦਿਨ ਹੁੰਦੇ ਹਨ ਜਦੋਂ ਸੂਰਜ ਕਦੀ ਖਿਤਿਜ ਤੋਂ ਉਪਰ ਨਹੀਂ ਉੱਠਦਾ ਪਰ ਲੋਕ ਉਸੇ ਕਿਸਮ ਦੀ ਉਸਦੀ ਰੌਸ਼ਨੀ ਦੀ ਬਜਾਏ ਨਾਰਦਰਨ ਲਾਈਟਸ ਦਾ ਨਜ਼ਾਰਾ ਦੇਖਣ ਲਈ ਜ਼ਿਆਦਾ ਉਤਾਵਲੇ ਹੁੰਦੇ ਹਨ। ਅਪ੍ਰੈਲ ਦਾ ਅੰਤ ਹੁੰਦੇ ਹੁੰਦੇ ਸੂਰਜ ਦੀਆਂ ਕਿਰਨਾਂ ਹੋਟਲ ਦੀਆਂ ਦੀਵਾਰਾਂ ਨੂੰ ਪੈਣ ਲੱਗਦੀਆਂ ਹਨ। ਪਤਾ ਲੱਗ ਜਾਂਦਾ ਹੈ ਕਿ ਇਸ ਕਲਾਕ੍ਰਿਤੀ ਨੂੰ ਵਿਦਾ ਕਹਿਣ ਦਾ ਵਕਤ ਆ ਗਿਆ ਹੈ।

**ਖਾਸ ਗੱਲਾਂ**

ਹੋਟਲ ਵਿਚ ਕਮਰੇ ਅਲੱਗ-ਅਲੱਗ ਕਿਸਮ ਦੇ ਹਨ-ਆਰਟ ਸਵੀਟ, ਆਈਸ ਰੂਮ ਅਤੇ ਸਨੋ ਰੂਮ। ਤੁਸੀਂ ਕਿੱਥੇ ਰੁਕੇ, ਇਹ ਇਸ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕੀ ਅਨੁਭਵ ਕਰਨਾ ਚਾਹੁੰਦੇ ਹੋ।

ਬਾਹਰ ਦਾ ਤਾਪਮਾਨ ਜੋ ਵੀ ਹੋਵੇ, ਆਈਸ ਹੋਟਲ ਵਿਚ ਤਾਪਮਾਨ ਹਮੇਸ਼ਾ ਜ਼ੀਰੋ ਤੋਂ ਪੰਜ ਡਿਗਰੀ ਹੇਠਾਂ ਤੋਂ ਲੈ ਕੇ ਅੱਠ ਡਿਗਰੀ ਤੱਕ ਹੇਠਾਂ ਹੁੰਦਾ ਹੈ।

ਬਰਫ ਦੀਆਂ ਸਿੱਲੀਆਂ ਦੇ ਬਿਸਤਰ ਤੇ ਤਾਹਾਨੂੰ ਗਰਮ ਰੱਖਣ ਦੇ ਲਈ ਰੇਨਡੀਅਰ ਦੀ ਚਮੜੀ ਲਗਾਈ ਜਾਂਦੀ ਹੈ ਅਤੇ ਸੌਣ ਦੇ ਲਈ ਥਰਮਲ ਸਲੀਪਿੰਗ ਬੈਗ ਦਿੱਤੇ ਜਾਂਦੇ ਹਨ। ਉਸ ਵਿਚ ਵੜ ਜਾਓ, ਬਰਫ ਕੇਵਲ ਸਕੂਨ ਦੇਵੇਗੀ, ਠੰਡਕ ਨਹੀਂ।





ਤੁਸੀਂ ਇੱਥੇ ਕਿੰਨੇ ਦਿਨ ਰੁਕਣਾ ਚਾਹੁੰਦੇ ਹੋ, ਇਹ ਤੁਹਾਡੀ ਹਿੰਮਤ ਤੇ ਨਿਰਭਰ ਕਰਦਾ ਹੈ, ਪਰ ਕਈ ਲੋਕ ਆਪਣੀ ਛੁੱਟੀ ਦੀ ਇਕ ਰਾਤ ਆਈਸ ਹੋਟਲ ਵਿਚ ਗੁਜ਼ਾਰ ਕੇ ਬਾਕੀ ਰਾਤਾਂ ਨੇੜੇ ਦੇ ਗਰਮ ਹੋਟਲ ਵਿਚ ਗੁਜ਼ਾਰਨਾ ਪਸੰਦ ਕਰਦੇ ਹਨ, ਜਿਹਨਾਂ ਦੀਆਂ ਦੀਵਾਰਾਂ ਬਰਫ ਦੀਆਂ ਨਹੀਂ ਹਨ।

ਰੈਸਤਰਾ ਬਰਫ ਦੀਆਂ ਦੀਵਾਰਾਂ ਦੇ ਨਹੀਂ ਹਨ ਪਰ ਖਾਣੇ ਦੀ ਪਲੇਟ ਅਤੇ ਕਟੋਰੀਆਂ ਜ਼ਰੂਰ ਬਰਫ ਦੀਆਂ ਹਨ।

ਆਈਸ ਹੋਟਲ ਵਿਚ ਰੁਕਣ ਦੇ ਇਲਾਵਾ ਵੀ ਇੱਕੇ ਕਈ ਕਿਸਮ ਦੀਆਂ ਗਤੀਵਿਧੀਆ ਹਨ, ਜੋ ਤੁਹਾਨੂੰ ਦੁਨੀਆ ਦੇ ਹੋਰ ਕਿਸੇ ਇਲਾਕੇ ਵਿਚ ਨਹੀਂ ਮਿਲਣਗੀਆਂ। ਇੱਕੇ 1700 ਸਵੀਡਿਸ਼ ਕ੍ਰੋਨਰ ਯਾਨਿ ਲੱਗਭੱਗ 11 ਹਜ਼ਾਰ ਰੁਪਏ ਪ੍ਰਤੀ ਰਾਤ ਤੋਂ ਲੈ ਕੇ 6900 ਸਵੀਡਿਸ਼ ਕ੍ਰੋਨਰ ਯਾਨਿ ਲੱਗਭੱਗ 44 ਹਜ਼ਾਰ ਰੁਪਏ ਪ੍ਰਤੀ ਰਾਤ ਤੱਕ ਦੇ ਕਮਰੇ ਉਪਲਬਧ ਹਨ।

ਆਈਸ ਹੋਟਲ ਕਿਰਨਾ ਹਵਾਈ ਅੱਡੇ ਤੋਂ ਕੇਵਲ 15 ਕਿਲੋਮੀਟਰ ਅਤੇ ਕਿਰਨਾ ਟ੍ਰੇਨ ਸਟੇਸ਼ਨ ਤੋਂ 17 ਕਿਲੋਮੀਟਰ ਦੂਰ ਹੈ। ਸਵੀਡਨ ਤੋਂ ਇਲਾਵਾ ਯੂਰਪ ਦੇ ਕਈ ਸ਼ਹਿਰਾਂ ਤੋਂ ਇੱਥੋਂ ਲਈ ਉਡਾਣਾਂ ਹਨ।





# ਰਾਜਸਥਾਨੀਆਂ ਤੋਂ ਸਿੱਖੋ ਪਾਣੀ ਦੀ ਵਰਤੋਂ ਕਰਨੀ

ਜੈਸਲਮੇਰ ਤੋਂ ਕੋਈ 40 ਕਿਲੋਮੀਟਰ ਦੂਰ 4.3 ਡਿਗਰੀ ਸੈਲਸੀਅਸ ਦੀ ਗਰਮੀ ਵਿਚ ਰੇਤ ਦੇ ਟਿੱਬਿਆਂ ਵਿਚਕਾਰ ਹਾਬੁਰ ਪਿੰਡ ਵਿਚ ਉਥੋਂ ਦੇ ਸੁਥਾਰ ਜਾਤੀ ਦੇ ਦੇਊਰਾਮ ਪੱਥਰ ਤਰਾਸ਼ ਰਹੇ ਸਨ। ਖੇਜੜੀ ਦੇ ਦਰਖਤ ਦੀ ਛਾਂ ਹੇਠਾਂ ਉਹਨਾਂ ਨੂੰ ਗਰਮੀ ਦਾ ਅਹਿਸਾਸ ਤਾਂ ਨਹੀਂ ਹੋ ਰਿਹਾ ਸੀ। ਸ਼ਾਇਦ ਆਪਣੀ ਬੇਰੀ ਨੂੰ ਦਰੁੱਸਤ ਕਰਨ ਦਾ ਉਤਸ਼ਾਹ ਉਹਨਾਂ ਨੂੰ ਗਰਮੀ ਦਾ ਅਹਿਸਾਸ ਹੋਣ ਵੀ ਨਹੀਂ ਦੇ ਰਿਹਾ ਸੀ। ਉਹ ਹਾਬੁਰ ਦੀਆਂ ਪੰਜ ਬੇਰੀਆਂ (ਪੱਕੇ ਢਕੇ ਹੋਏ ਤਲਾਬ) ਨੂੰ ਪਹਿਲਾਂ ਹੀ ਠੀਕ ਕਰ ਚੁੱਕੇ ਸਨ, ਜੋ ਇਸ ਅਕਾਲ ਵਿਚ ਵੀ ਪਿੰਡ ਦੇ ਲੱਗਭੱਗ 300 ਪਰਿਵਾਰਾਂ ਨੂੰ ਮਿੱਠਾ ਪਾਣੀ ਦੇ ਰਹੀਆਂ ਹਨ। ਸੈਂਕੜੇ ਸਾਲ ਪਹਿਲਾਂ ਪਿੰਡ ਦੇ ਲੋਕਾਂ ਨੇ ਹੀ ਮਿਲ ਕੇ ਇਹ ਤਾਂਡਾ ਬਣਾਇਆ ਸੀ। ਯਾਨਿ ਬੇਰੀਆਂ ਦਾ ਗਰੁੱਪ।

ਅੱਜ ਜਦੋਂ ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇੰਦਰਾ ਗਾਂਧੀ ਨਹਿਰ ਪੜੌਸ ਦੇ ਪਿੰਡਾਂ ਵਿਚ ਰੇਤ ਦੇ ਬੋਝ ਹੇਠਾਂ ਦਮ ਤੋੜ ਰਹੀਆਂ ਹਨ, ਉਥੇ ਹੀ ਸਥਾਨਕ ਸਮਾਜ ਦੁਅਰਾ ਬਣਾਈਆਂ ਗਈਆਂ ਬੇਰੀਆਂ ਅਕਾਲ ਵਿਚ ਵੀ ਛਾਤੀ ਤਾਣ ਕੇ ਰੇਗਿਸਤਾਨ ਵਾਸੀਆਂ ਦੀ ਪਿਆਸ ਬੁਝਾ ਰਹੀਆਂ ਹਨ। ਤਾਂੜੇ ਦੇ ਨੇੜੇ ਹੀ ਖੜੀਨ ਵਿਚ ਹਰੀਆਂ ਭਰੀਆਂ ਫਸਲਾਂ ਇਸ ਗੱਲ ਦਾ ਅਹਿਸਾਸ ਹੋਣ ਵੀ ਨਹੀਂ ਦਿੰਦੀਆਂ ਕਿ ਰਾਜ ਸਰਕਾਰ ਨੂੰ ਇਯ ਜ਼ਿਲ੍ਹੇ ਨੂੰ ਅਕਾਲ ਗ੍ਰਸਤ ਐਲਾਨ ਕਰਨਾ ਪਿਆ ਹੈ। ਹਾਂ, ਉਥੋਂ ਕੋਈ 50 ਕਿਲੋਮੀਟਰ ਦੂਰ ਰਾਜਸਥਾਨ ਨਹਿਰ ਦੀ ਬਰਾਂਚ ਨਹਿਰ ਦੇ ਨੇੜੇ ਹੀ ਲੋਗੇਵਾਲ ਨੂੰ ਦੇਖ ਕੇ ਅਕਾਲ ਦੀ ਭਿਆਨਕ ਤਸਵੀਰ ਸਾਫ ਉਭਰ ਕੇ ਆਉਂਦੀ ਹੈ।

ਇਹ ਸਿਰਫ ਹਾਬੁਰ ਦੀ ਤਸਵੀਰ ਨਹੀਂ ਹੈ। ਰੇਗਿਸਤਾਨ ਦੇ ਲੋਕਾਂ ਨੇ ਕੁਦਰਤ ਦੇ ਖਿਲਾਫ ਨਹੀਂ, ਉਸ ਦੇ ਨਾਲ ਜਿਊਣਾ ਸਿੱਖ ਲਿਆ ਹੈ। ਭਾਰਤ-ਪਾਕਿ ਸੀਮਾ ਦੇ ਕੋਲ ਬਣੇ ਪ੍ਰਸਿੱਧ ਤਨੋਟ ਰਾਏ ਮੰਦਰ ਤੋਂ ਕੋਈ 1.5 ਕਿਲੋਮੀਟਰ ਦੂਰ ਇਸਾਵਲ ਦੀ ਢਾਣੀ ਵਿਚ ਕਈ ਸਦੀਆਂ ਪੁਰਾਣਾ ਖੂਨ 1.20 ਫੁੱਟ ਦੀ ਡੂੰਘਾਈ ਤੋਂ ਲੱਗਭੱਗ ਮਿੱਠਾ ਪਾਣੀ ਦੇ ਰਿਹਾ ਹੈ। ਇਹ ਉਹ ਇਲਾਕਾ ਹੈ, ਜਿੱਥੇ ਸਾਲ ਵਿਚ ਜ਼ਿਆਦਾਤਰ 60 ਮਿਲੀਮੀਟਰ ਬਰਸਾਤ ਹੁੰਦੀ ਹੈ।

ਇਸ ਸਾਲ ਤਾਂ ਉਹ ਵੀ ਨਹੀਂ ਪਈ। ਫਿਰ ਵੀ ਉਮੇਦ ਸਿੰਘ ਦੇ ਪਰਿਵਾਰ ਵਾਲਿਆਂ ਦੀ ਉਮੀਦ ਟੁੱਟੀ ਨਹੀਂ ਹੈ। ਉਹਨਾਂ ਦੇ ਚਿਹਰੇ ਉਤੇ ਕੋਈ ਸ਼ਿਕਨ ਨਹੀਂ ਸੀ। ਉਹਨਾਂ ਦੀ ਢਾਣੀ ਦੇ 20 ਪਰਿਵਾਰਾਂ ਅਤੇ 10 ਹਜ਼ਾਰ ਤੋਂ ਜ਼ਿਆਦਾ ਪਸ਼ੂਆਂ ਦੇ ਲਈ ਇਹ ਪਾਣੀ ਆਰਾਮ ਨਾਲ ਦੋ-ਤਿੰਨ ਸਾਲ ਹੋਰ ਕੱਢ ਦੇਵੇਗਾ, ਅਜਿਹਾ ਉਹਨਾਂ ਨੂੰ ਭਰੋਸਾ ਹੈ।

ਉਥੇ ਕੋਈ ਖੇਤੀ ਨਹੀਂ ਹੁੰਦੀ, ਪਸ਼ੂ ਪਾਲਣ ਹੀ ਉਹਨਾਂ ਦੇ ਗੁਜ਼ਾਰੇ ਦਾ ਇੱਕੋ ਇਕ ਸਹਾਰਾ ਹੈ। ਜ਼ਿੰਦਗੀ ਦੀਆਂ ਜ਼ਰੂਰਤਾਂ ਇੰਨੀਆਂ ਘੱਟ ਹਨ ਕਿ ਸਭ ਕੁਝ ਆਪਣੇ ਕੋਲੋਂ ਹੀ ਇੰਤਜ਼ਾਮ ਕਰ ਲੈਂਦੇ ਹਨ। ਬਾਕੀ ਕੰਮ ਵੱਟਾ ਸਿਸਟਮ ਨਲ ਚੱਲ ਜਾਂਦਾ ਹੈ। ਇਕ ਬੱਕਰੇ ਦੇ ਬਦਲੇ ਦੋ ਬੋਰੀਆਂ ਕਣਕ ਜਾਂ ਦੋ-ਢਾਈ ਬੋਰੀਆਂ ਬਾਜਰਾ। ਉਸਦੇ ਨਾਲ ਛਾਛ ਤਾਂ ਮਹਿਮਾਨਾਂ ਦੀ ਲਈ ਵੀ ਭਰਪੂਰ ਮਾਤਰਾ ਵਿਚ ਮਿਲਦੀ ਹੈ।

ਭਾਈਚਾਰਕ ਭਾਵਨਾ ਅਤੇ ਸਮਾਜ ਦੀ ਪਹਿਲ ਦਾ ਅਸਰ ਰੇਗਿਸਤਾਨ ਦੀ ਕਹਿਰਵੀਂ ਧੁੱਪ ਅਤੇ ਮਿਜਾਜ ਬਦਲਦੇ ਫਿੱਟਿਆਂ ਵਿਚਕਾਰ ਦੇਖੀ ਜਾ ਸਕਦੀ ਹੈ। ਸਭ ਕੁਝ ਖੁਸ਼ੀ ਖੁਸ਼ੀ ਸਹਿਣਾ, ਦੁਖ-ਸੁਖ ਵੰਡਣਾ ਅਤੇ ਪਾਣੀ ਦੇ ਅਨੁਸ਼ਾਸਨ ਦਾ ਕਠੋਰਤਾ ਨਾਲ ਪਾਲਣ ਕਰਨਾ, ਉਹਨਾਂ ਦੀ ਜ਼ਿੰਦਗੀ ਦਾ ਅਹਿਮ ਅੰਗ ਹੈ। ਜਾਤ ਪਾਤ ਦੀ ਭਾਵਨਾ ਪਾਣੀ ਦੇ ਅਨੁਸ਼ਾਸਨ ਵਿਚ ਤਾਂ ਕਿਤੇ ਦਿਖਾਈ ਹੀ ਨਹੀਂ ਦਿੰਦੀ। ਤਲਾਬ ਪੁੱਟਣ ਦੇ ਲਈ ਜਦੋਂ ਉਹ ਇਕੱਠੇ ਹੋ ਕੇ ਜਾਂਦੇ ਹਨ ਤਾਂ ਸਾਰੀਆਂ ਜਾਤੀਆਂ ਦੇ ਘਰਾਂ ਵਿਚੋਂ ਖਾਣਾ ਆਉਂਦਾ ਹੈ ਅਤੇ ਸਾਰੇ ਮਿਲ ਕੇ ਖਾਂਦੇ ਹਨ। ਲਹਾਸੀਪਾ ਤਾਂ ਇਕ ਉਤਸਵ ਹੈ, ਸਮਾਜ ਨੂੰ ਚਲਾਉਣ ਅਤੇ ਖੁਸ਼ਹਾਲੀ ਲਿਆਉਣ ਦਾ। ਤਲਾਬ ਪੁੱਟਣ ਦੇ ਨਾਂ ਤੇ ਰਾਮਗੜ੍ਹ ਦੇ ਚਤਰ ਸਿੰਘ ਦੇ ਚਿਹਰੇ ਤੇ ਅਜਿਹੀ ਚਮਕ ਆ ਜਾਂਦੀ ਹੈ, ਜਿਵੇਂ ਵਰਲਡ ਕੱਪ ਖੇਡਣ ਜਾਣਾ ਹੋਵੇ।



ਰਾਜਸਥਾਨ ਦੇ 33 ਵਿਚੋਂ 26 ਜ਼ਿਲ੍ਹੇ ਅਕਾਲ ਗ੍ਰਸਤ ਐਲਾਨ ਕੀਤੇ ਜਾ ਚੁੱਕੇ ਹਨ। ਜੈਸਲਮੇਰ ਅਤੇ ਬਾੜਮੇਰ ਤਾਂ ਲੰਮੇ ਸਮੇਂ ਤੋਂ ਸੋਕਾਗ੍ਰਸਤ ਰਹੇ ਹਨ। ਪਰ ਉਥੇ ਪਾਣੀ ਦੇ ਲਈ ਕਦੀ ਦੰਗੇ ਨਹੀਂ ਹੋਏ, ਜਿਵੇਂ ਇੰਦਰਾ ਗਾਂਧੀ ਨਹਿਰ ਦੇ ਕਿਨਾਰੇ ਵੱਸੇ ਬੀਕਾਨੇਰ ਜਾਂ ਹਨੂਮਾਨਗੜ੍ਹ ਵਿਚ ਦੇਖਣ ਨੂੰ ਮਿਲੇ ਹਨ। ਇੱਥੋਂ ਦੇ ਸਮਾਜ ਨੇ ਬਹੁਤ ਘੱਟ ਪਾਣੀ ਦੇ ਨਾਲ ਜਿਊਣਾ ਸਿੱਖ ਲਿਆ ਹੈ। ਪਾਣੀ ਦੀ ਆਵਾਜਾਈ ਦੀ ਬਜਾਏ ਪਾਣੀ ਦੇ ਅਨੁਸ਼ਾਸਨ ਦੇ ਨਾਲ ਜਿਊਣਾ ਸਿੱਖਿਆ ਹੈ। ਅਜਿਹਾ ਨਹੀਂ ਕਿ ਬੀਕਾਨੇਰ ਅਤੇ ਹਨੂਮਾਨਗੜ੍ਹ ਦੇ ਲੋਕਾਂ ਵਿਚ ਗੁਣ ਨਹੀਂ ਸਨ। ਉਹ ਵੀ ਉਨੇ ਹੀ ਗੁਣਵਾਨ ਰਹੇ ਹਨ ਅਤੇ ਅਨੁਸ਼ਾਸਿਤ ਵੀ, ਪਰ ਨਹਿਰ ਦੇ ਕਿਨਾਰੇ ਨੇ ਉਹਨਾਂ ਦਾ ਅਨੁਸ਼ਾਸਨ ਬਹੁਤ ਪਹਿਲਾਂ ਤੋੜ ਦਿੱਤਾ। ਉਦੋਂ ਜਿੱਥੇ ਜੈਸਲਮੇਰ ਦੇ ਘੜਸੀਸਰ ਵਿਚ ਪਾਣੀ ਦੀ ਆਮਦ ਘੱਟ ਹੋਣ ਦੇ ਬਾਵਜੂਦ ਲੋਕ ਸਤੁੰਸ਼ਟੀ ਦੇ ਨਾਲ ਜਿਊਂ ਰਹੇ ਹਨ, ਉਥੇ ਹੀ ਹਨੂਮਾਨਗੜ੍ਹ ਦੇ ਘੜਸਾਨਾ ਵਿਚ ਪਾਣੀ ਦੇ ਲਈ ਪੁਲਿਸ ਦੀਆਂ ਗੋਲੀਆਂ ਨਾਲ ਕਿੰਨੇ ਹੀ ਲੋਕਾਂ ਦੀਆਂ ਜਾਨਾਂ ਚਲੀਆਂ ਗਈਆਂ, ਪਰ ਰਾਜਨੀਤੀ ਦੇ ਕਾਰਨ ਹੁਣ ਜੈਸਲਮੇਰ ਅਤੇ ਬਾੜਮੇਰ ਦੇ ਲੋਕਾਂ ਦਾ ਅਨੁਸ਼ਾਸਨ ਵੀ ਟੁੱਟਣ ਦੇ ਕਿਨਾਰੇ ਹਨ।

ਦਰਅਸਲ ਅਸਲੀਅਤਾਂ ਨਾਲ ਕੋਈ ਸੰਬੰਧ ਨਾ ਰੱਖਣ ਵਾਲੀਆਂ ਸਰਕਾਰੀ ਨੀਤੀਆਂ ਦੇ ਕਾਰਨ ਅਜਿਹੇ ਇਲਾਕਿਆਂ ਵਿਚ ਖੇਤੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿੱਥੇ ਕੁਦਰਤ ਨੇ ਇਸਦੀ ਇਜਾਜ਼ਤ ਨਹੀਂ ਦਿੱਤੀ ਹੈ। ਆਧੁਨਿਕ ਵਿਗਿਆਨ ਦੇ ਦੰਭ ਵਿਚ ਅਸੀਂ ਇੰਨੇ ਮਸਤ ਹੋ ਗਏ ਹਾਂ ਕਿ ਕੁਦਰਤ ਨੂੰ ਨਜ਼ਰਅੰਦਾਜ਼ ਕਰਕੇ ਅਸੀਂ ਇਸ ਰੇਗਿਸਤਾਨ ਵਿਚ ਹਜ਼ਾਰਾਂ ਕਰੋੜ ਰੁਪਏ ਦੀ ਲਾਗਤ ਨਾਲ ਨਹਿਰਾਂ ਬਣਾ ਦਿੱਤੀਆਂ, ਟਿਊਬਵੈਲ ਲਗਾ ਲਏ।

ਦਰਅਸਲ ਮਾਰੂਥਲ ਵਿਚ ਸਮਾਜ ਨੇ ਪਾਣੀ ਦੀ ਉਪਲਬਧਤਾ ਦੇ ਮੁਤਾਬਕ ਹੀ ਆਪਣੀਆਂ ਲੋੜਾਂ ਤਹਿ ਕਰ ਲਈਆਂ ਸਨ ਅਤੇ ਆਪਣੇ ਵਿਵਹਾਰ ਨਿਰਧਾਰਿਤ ਕੀਤੇ ਸਨ। ਉਸਨੇ ਪਾਣੀ ਦੇ ਨਾਲ ਨਾਲ ਉਥੋਂ ਦੀ ਵਨਸਪਤੀ, ਫਸਲਾਂ ਆਦਿ ਦੇ ਨਾਲ ਜਿਊਣਾ ਸਿੱਖ ਲਿਆ ਸੀ। ਪਸ਼ੂ ਧਨ ਉਹਨਾਂ ਦੀ ਜੀਵਨ ਰੇਖਾ ਰਹੇ ਹਨ, ਤਾਂ ਉਸਦੇ ਲਈ ਅਨੁਕੂਲ ਵਨਸਪਤੀ, ਫਸਲਾਂ, ਇੱਕੋਂ ਤੱਕ ਕਿ ਪਾਣੀ ਦੀ ਖੇਡ ਦੇ ਡਿਜਾਇਨ ਵੀ ਪਸ਼ੂਆਂ ਦੀ ਸਹੂਲਤ ਦੇ ਮੁਤਾਬਕ ਹੀ ਤਹਿ ਕੀਤੇ ਸਨ। ਪਸ਼ੂਆਂ ਨੂੰ ਹਵਾ ਦੀ ਦਿਸ਼ਾ ਅੰਦਾਜ਼ੇ ਨਾਲ ਪਾਣੀ ਅਤੇ ਚਰਾਗਾਹ ਜਾਣ ਦੀ ਆਦਤ ਹੁੰਦੀ ਹੈ ਤਾਂ ਉਸ ਦੇ ਮੁਤਾਬਕ ਹੀ ਆਪਣੀਅ ਟੋਲੀਆਂ ਬਣਾਈਆਂ, ਦੂਜੇ ਢਾਂਚੇ ਤਿਆਰ ਕੀਤੇ ਪਰ ਆਧੁਨਿਕ ਸਭਿਅਤਾ ਦੇ ਨਾਂ ਤੇ ਅਸੀਂ ਉਸਨੂੰ ਜਬਰਦਸਤੀ ਜ਼ਿਆਦਾ ਪਾਣੀ ਦੇਣ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ।

ਰੇਗਿਸਤਾਨ ਦੀਆਂ ਮੁਸ਼ਕਿਲ ਪ੍ਰਸਥਿਤੀਆਂ ਵਿਚ ਜੀਵਨ ਜਿਊਣ ਦੇ ਲਈ ਉਹਨਾਂ ਨੂੰ ਤਾਂ ਬਾਜਰੇ ਦੀ ਰੋਟੀ ਹੀ ਜ਼ਰੂਰੀ ਤਾਕਤ ਦੇ ਸਕਦੀ ਹੈ ਅਤੇ ਨਾਲ ਹੀ ਗੁਆਰੇ ਦੀਆਂ ਫਲੀਆਂ। ਵਰਖਾ ਨਾ ਹੋਵੇ ਤਾਂ ਕੈਰ ਦਾ ਦਰਖਤ ਸਾਲ ਵਿਚ ਦੋ ਵਾਰ ਫਲ ਦੇ ਦਿੰਦਾ ਹੈ। ਫਿਰ ਅਸੀਂ ਉਸ ਨਾਲ ਜ਼ਬਰਦਸਤੀ ਕਿਉਂ ਕਰ ਰਹੇ ਹਾਂ। ਉਹਨਾਂ ਨੂੰ ਕਮਜ਼ੋਰ ਕਿਉਂ ਰਹੇ ਹਾਂ। ਉਥੋਂ ਕੁਝ ਦੂਰ ਹੀ ਪਾਕਿਸਤਾਨ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਅਸੀਂ ਕਿਉਂ ਭੁੱਲ ਜਾਂਦੇ ਹਾਂ?

ਸਥਾਨਕ ਪ੍ਰਸਥਿਤੀਆਂ ਦੇ ਮੁਤਾਬਕ ਜ਼ਰੂਰੀ ਮਾਤਰਾ ਵਿਚ ਭੋਜਨ ਜੁਟਾਉਣ ਦੇ ਲਈ ਤਾਂ ਉਹਨਾਂ ਨੇ ਵਿਵਸਥਾ ਕਰ ਹੀ ਰੱਖੀ ਹੈ। ਦੂਰ ਦੂਰ ਤੱਥ ਫੈਲੇ ਰੇਗਿਸਤਾਨ ਵਿਚਕਾਰ ਕਿਤੇ ਕਿਤੇ ਹਰੇ ਭਰੇ ਖੇਤ ਮਿਲ ਹੀ ਜਾਣਗੇ।

# ਕੈਨੇਡਾ-ਅਮਰੀਕਾ ਸਰਹੱਦ ’ਤੇ ਭਾਰਤੀ ਪਰਿਵਾਰ ਦੀ ਮੌਤ ਦੇ ਮਾਮਲੇ ’ਚ ਸ਼ੁਰੂ ਹੋਵੇਗੀ ਸੁਣਵਾਈ



ਫ਼ਰਗਸ ਫ਼ਾਲਜ਼ (ਅਮਰੀਕਾ), 20 ਨਵੰਬਰ (ਪ੍ਰਤੀਨਿਧੀ) : ਭਾਰਤ ਤੋਂ ਕੈਨੇਡਾ ਤਕ ਫ਼ੈਲੇ ਅਪਰਾਧਿਕ ਨੈਟਵਰਕ ਵਿੱਚ ਬਿਹਤਰ ਜ਼ਿੰਦਗੀ ਦੀ ਮੰਗ ਕਰਨ ਵਾਲੇ ਪਰਿਵਾਰਾਂ ਨੂੰ ਤਸਕਰੀ ਕਰ ਕੇ ਅਮਰੀਕਾ ਵਿੱਚ ਲਿਜਾਇਆ ਜਾਂਦਾ ਹੈ ਅਤੇ ਉਨ੍ਹਾਂ ਵਿੱਚੋਂ ਕਈਆਂ ਨਾਲ ਭਿਆਨਕ ਘਟਨਾਵਾਂ ਵਾਪਰਦੀਆਂ ਹਨ। ਇਸੇ ਤਰ੍ਹਾਂ ਦੇ ਇੱਕ ਭਾਰਤੀ ਪਰਿਵਾਰ ਦੀ 2 ਸਾਲ ਪਹਿਲਾਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਭਾਰੀ ਬਰਫ਼ਬਾਰੀ ਅਤੇ ਹੱਡੀਆਂ ਨੂੰ ਜਮਾਂ ਦੇਣ ਵਾਲੀ ਕੜਾਕੇ ਦੀ ਠੰਢ ਕਾਰਨ ਮੌਤ ਹੋ ਗਈ ਸੀ। ਪਰਿਵਾਰ ਦੇ ਮਰਦ ਮੈਂਬਰ ਜਗਦੀਸ਼ ਪਟੇਲ ਨੇ ਆਪਣੇ 3 ਸਾਲ ਦੇ ਬੇਟੇ ਨੂੰ ਗੋਦੀ ਵਿੱਚ ਲੈਂਦੇ ਹੋਏ ਆਪਣੀ ਜਾਨ ਗੁਆ ਦਿੱਤੀ। ਇਸ ਦੌਰਾਨ ਉਸ ਦੀ ਪਤਨੀ ਅਤੇ ਧੀ ਵੀ ਨਹੀਂ ਬਚੀਆਂ। ਫ਼ੈਡਰਲ ਵਕੀਲ ਸੋਮਵਾਰ ਨੂੰ ਮਿਨੇਸੋਟਾ ਵਿੱਚ ਵਾਪਰੀ ਘਟਨਾ ਨਾਲ ਸਬੰਧਤ ਮੁਕੱਦਮੇ ਵਿੱਚ ਬਹਿਸ ਕਰਨਗੇ। ਸਰਕਾਰੀ ਵਕੀਲਾਂ ਨੇ ਭਾਰਤੀ ਨਾਗਰਿਕ ਹਰਸ਼ਕੁਮਾਰ ਰਮਨਲਾਲ ਪਟੇਲ (29) ’ਤੇ ਸਾਜ਼ਿਸ਼ ਨੂੰ ਅੰਜ਼ਾਮ ਦੇਣ ਅਤੇ ਫ਼ਲੋਰੀਡਾ ਦੇ 50 ਸਾਲਾ ਸਟੀਵ ਸ਼ੈਂਡ ’ਤੇ 11 ਪ੍ਰਵਾਸੀਆਂ ਲਈ ਟਰੱਕ ਵਿੱਚ ਉਡੀਕ ਕਰਨ ਦਾ ਦੋਸ਼ ਲਗਾਇਆ ਹੈ। ਇਨ੍ਹਾਂ ਪ੍ਰਵਾਸੀਆਂ ਵਿੱਚ ਪਟੇਲ ਜੋੜਾ ਅਤੇ ਉਨ੍ਹਾਂ ਦੇ ਦੋ ਬੱਚੇ ਵੀ ਸ਼ਾਮਲ ਹਨ, ਜਿਨ੍ਹਾਂ ਦੀ ਅਮਰੀਕਾ ਜਾਣ ਦੀ ਕੋਸ਼ਿਸ਼ ਦੌਰਾਨ ਮੌਤ ਹੋ ਗਈ ਸੀ। ਇਸਤਗਾਸਾ ਦਾ ਕਹਿਣਾ ਹੈ ਕਿ ਹਰਸ਼ ਪਟੇਲ ਨੇ ਓਰਲੈਂਡੋ ਦੇ ਉੱਤਰ ਵਿੱਚ ਡੈਲਟੋਨਾ, ਫ਼ਲੋਰੀਡਾ ਵਿੱਚ ਆਪਣੇ ਘਰ ਨੇੜੇ ਇੱਕ ਕੈਸੀਨੋ ਵਿੱਚ ਕੰਮ ਕਰਨ ਲਈ ਸ਼ੈਂਡ ਨੂੰ ਭਰਤੀ ਕੀਤਾ ਸੀ।

ਇਸ ਘਟਨਾ ’ਚ ਜਗਦੀਸ਼ ਪਟੇਲ (39), ਉਨ੍ਹਾਂ ਦੀ ਪਤਨੀ ਵੈਸ਼ਾਲੀਬੇਨ, 11 ਸਾਲਾ ਬੇਟੀ ਵਿਹਾਂਗੀ ਅਤੇ ਉਨ੍ਹਾਂ ਦੇ 3 ਸਾਲਾ ਬੇਟੇ ਧਾਰਮਿਕ ਦੀ ਮੌਤ ਹੋ ਗਈ। ਪਟੇਲ ਇੱਕ ਆਮ ਭਾਰਤੀ ਉੱਪਨਾਮ ਹੈ ਅਤੇ ਜਗਦੀਸ਼ ਦਾ ਹਰਸ਼ ਕੁਮਾਰ ਪਟੇਲ ਨਾਲ ਕੋਈ ਸਬੰਧ ਨਹੀਂ ਹੈ। ਇਸ ਮਾਮਲੇ ’ਚ ਹਰਸ਼ ਅਤੇ ਸ਼ੈਂਡ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਹੈ। ਮੰਨਿਆ ਜਾਂਦਾ ਹੈ ਕਿ ਗੁਜਰਾਤ ਰਾਜ ਦੇ ਡਿੰਗੁਚਾ ਪਿੰਡ ਦੇ ਰਹਿਣ ਵਾਲੇ ਜਗਦੀਸ਼ ਪਟੇਲ ਦੇ ਪਰਿਵਾਰ ਨੇ ਠੰਢ ਦੇ ਮੌਸਮ ਵਿੱਚ ਖੇਤਾਂ ਵਿੱਚ ਘੁੰਮਦੇ ਹੋਏ ਕਈ ਘੰਟੇ ਬਿਤਾਏ ਸਨ ਜਿੱਥੇ ਤਾਪਮਾਨ ਮਾਈਨਸ 36 ਫ਼ਾਰਨਹੀਟ (38 ਡਿਗਰੀ ਸੈਲਸੀਅਸ) ਤਕ ਪਹੁੰਚ ਗਿਆ ਸੀ। ਕੈਨੇਡੀਅਨ ਅਧਿਕਾਰੀਆਂ ਦੁਆਰਾ 19 ਜਨਵਰੀ, 2022 ਦੀ ਸਵੇਰ ਨੂੰ ਪਟੇਲ ਪਰਿਵਾਰ ਦੇ ਮੈਂਬਰਾਂ ਦੀਆਂ ਜੰਮੀਆਂ ਹੋਈਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਸਨ। ਜਗਦੀਸ਼ ਪਟੇਲ ਨੇ ਧਾਰਮਿਕ ਨੂੰ ਕੰਬਲ ਵਿੱਚ ਲਪੇਟਿਆ ਹੋਇਆ ਸੀ। ਫ਼ੈਡਰਲ ਵਕੀਲਾਂ ਦਾ ਕਹਿਣਾ ਹੈ ਕਿ ਹਰਸ਼ ਪਟੇਲ ਅਤੇ ਸ਼ੈਂਡ ਇੱਕ ਓਪਰੇਸ਼ਨ ਦਾ ਹਿੱਸਾ ਸਨ ਜੋ ਭਾਰਤ ਵਿੱਚ ਗਾਹਕਾਂ ਦੀ ਭਾਲ ਕਰਦੇ ਸਨ, ਉਨ੍ਹਾਂ ਨੂੰ ਕੈਨੇਡੀਅਨ ਵਿਦਿਆਰਥੀ ਵੀਜ਼ਾ ਦਿਵਾਉਂਦੇ ਸਨ, ਆਵਾਜਾਈ ਦਾ ਪ੍ਰਬੰਧ ਕਰਦੇ ਸਨ ਅਤੇ ਉਨ੍ਹਾਂ ਨੂੰ ਜਿਆਦਾਤਰ ਵਾਸ਼ਿੰਗਟਨ ਰਾਜ ਜਾਂ ਮਿਨੇਸੋਟਾ ਤੋਂ ਅਮਰੀਕਾ ਵਿੱਚ ਤਸਕਰੀ ਕਰਦੇ ਸਨ।

ਯੂ.ਐੱਸ. ਬੌਰਡਰ ਪੈਟਰੋਲ ਨੇ 30 ਸਤੰਬਰ ਨੂੰ ਖ਼ਤਮ ਹੋਏ ਸਾਲ ਵਿੱਚ ਕੈਨੇਡੀਅਨ ਸਰਹੱਦ ’ਤੇ 14,000 ਤੋਂ ਵੱਧ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ। ਪਿਊ ਰਿਸਰਚ ਸੈਂਟਰ ਦਾ ਅੰਦਾਜ਼ਾ ਹੈ ਕਿ 2022 ਤਕ ਅਮਰੀਕਾ ’ਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਭਾਰਤੀਆਂ ਦੀ ਗਿਣਤੀ 7,25,000 ਨੂੰ ਪਾਰ ਕਰ ਜਾਵੇਗੀ ਅਤੇ ਇਸ ਮਾਮਲੇ ’ਚ ਸਿਰਫ਼ ਮੈਕਸੀਕੋ ਅਤੇ ਅਲ ਸਲਵਾਡੋਰ ਦੇ ਲੋਕ ਭਾਰਤੀਆਂ ਦੀ ਗਿਣਤੀ ਤੋਂ ਜ਼ਿਆਦਾ ਹੋਣਗੇ। ਹਰਸ਼ਕੁਮਾਰ ਪਟੇਲ ਦੇ ਅਟਾਰਨੀ, ਥਾਮਸ ਲੀਨੇਨਵੇਬਰ ਨੇ ਐਸੋਸੀਏਟਡ ਪ੍ਰੈਸ ਨੂੰ ਦੱਸਿਆ ਕਿ ਉਸ ਦਾ ਮੁਵੱਕਿਲ ਗਰੀਬੀ ਤੋਂ ਬਚਣ ਅਤੇ ਆਪਣੇ ਲਈ ਬਿਹਤਰ ਜੀਵਨ ਦੀ ਭਾਲ ਕਰਨ ਲਈ ਸੰਯੁਕਤ ਰਾਜ ਅਮਰੀਕਾ ਆਇਆ ਸੀ ਅਤੇ ਹੁਣ ‘ਉਸ ’ਤੇ ਇਸ ਭਿਆਨਕ ਅਪਰਾਧ ਵਿੱਚ ਹਿੱਸਾ ਲੈਣ ਦਾ ਗ਼ਲਤ ਦੋਸ਼ ਲਗਾਇਆ ਗਿਆ ਹੈ।’ ਲੀਨੇਨਵੇਬਰ ਅਨੁਸਾਰ ਉਸ ਦੇ ਮੁਵੱਕਿਲ ਨੂੰ ਇਸ ਦੇਸ਼ ਦੀ ਨਿਆਂ ਪ੍ਰਣਾਲੀ ਵਿੱਚ ਭਰੋਸਾ ਹੈ ਅਤੇ ਉਸ ਨੂੰ ਭਰੋਸਾ ਹੈ ਕਿ ਮੁਕੱਦਮੇ ਵਿੱਚ ਸੱਚਾਈ ਸਾਹਮਣੇ ਆ ਜਾਵੇਗੀ। ਉਧਰ ਸ਼ੈਂਡ ਨੇ ਵਕੀਲਾਂ ਦੀ ਪ੍ਰਤੀਕਿਰਿਆ ਲਈ ਭੇਜੇ ਗਏ ਸੰਦੇਸ਼ ਦਾ ਜਵਾਬ ਨਹੀਂ ਦਿੱਤਾ।

# ਪੰਨੂ ਮਾਮਲਾ: ਟਰੰਪ ਨੇ ਰਾਅ ਦੇ ਸਾਬਕਾ ਅਧਿਕਾਰੀ ਖ਼ਿਲਾਫ਼ ਕੇਸ ਦਰਜ ਕਰਨ ਵਾਲਾ ਜ਼ਿਲ੍ਹਾ ਅਟਾਰਨੀ ਬਦਲਿਆ



ਨਿਊਯਾਰਕ, 20 ਨਵੰਬਰ (ਪ੍ਰਤੀਨਿਧੀ) : ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਖ਼ਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਦੇ ਸਾਬਕਾ ਅਧਿਕਾਰੀ ਵਿਕਾਸ ਯਾਦਵ ਖ਼ਿਲਾਫ਼ ਕੇਸ ਦਰਜ ਕਰਨ ਵਾਲੇ ਜ਼ਿਲ੍ਹਾ ਅਟਾਰਨੀ ਨੂੰ ਬਦਲਣ ਦਾ ਫ਼ੈਸਲਾ ਕੀਤਾ ਹੈ। ਟਰੰਪ ਨੇ ਐਲਾਨ ਕੀਤਾ ਕਿ ਉਹ ਸਕਿਓਰਟੀਜ਼ ਐਂਡ ਐਕਸਚੇਂਜ ਕਮਿਸ਼ਨ ਦੇ ਸਾਬਕਾ ਚੇਅਰਮੈਨ ਜੇਅ ਕਲੇਅਟਨ ਨੂੰ ਨਿਊ ਯੌਰਕ ਦੇ ਦੱਖਣੀ ਡਿਸਟ੍ਰਿਕਟ ਦੇ ਜ਼ਿਲ੍ਹਾ ਅਟਾਰਨੀ ਵਜੋਂ ਨਾਮਜ਼ਦ ਕਰ ਰਹੇ ਹਨ। ਟਰੰਪ ਨੇ ‘ਟਰੁੱਥ ਸੋਸ਼ਲ ਪੋਸਟ’ ’ਚ ਕਿਹਾ, “ਜੇਅ ਸੱਚਾਈ ਦੇ ਮਜ਼ਬੂਤ ਯੋਧਾ ਬਣ ਰਹੇ ਹਨ ਕਿਉਂਕਿ ਅਸੀਂ ਅਮਰੀਕਾ ਨੂੰ ਮੁੜ ਤੋਂ ਮਹਾਨ ਬਣਾ ਰਹੇ ਹਾਂ।” ਸੈਨੇਟ ’ਚ ਮੋਹਰ ਲੱਗਣ ਮਗਰੋਂ ਕਲੇਅਟਨ, ਡੇਮੀਅਨ ਵਿਲੀਅਮਜ਼ ਦੀ ਥਾਂ ਲੈਣਗੇ ਜੋ ਰਵਾਇਤ ਮੁਤਾਬਕ 21 ਜਨਵਰੀ ਨੂੰ ਰਾਸ਼ਟਰਪਤੀ ਬਦਲਣ ਮਗਰੋਂ ਅਸਤੀਫ਼ਾ ਦੇ ਦੇਣਗੇ ਜਾਂ ਉਨ੍ਹਾਂ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਜਾਵੇਗਾ। ਪਿਛਲੇ ਮਹੀਨੇ ਵਿਲੀਅਮਜ਼ ਨੇ ਰਾਅ ਦੇ ਸਾਬਕਾ ਅਧਿਕਾਰੀ ਵਿਕਾਸ ਯਾਦਵ ਖ਼ਿਲਾਫ਼ ਕੇਸ ਦਰਜ ਕੀਤਾ ਸੀ ਜਿਸ ’ਤੇ ਦੋਸ਼ ਹੈ ਕਿ ਉਸ ਨੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਲਈ ਇੱਕ ਵਿਅਕਤੀ ਨੂੰ ਸੁਪਾਰੀ ਦਿੱਤੀ ਸੀ।

ਇਸ ਤੋਂ ਪਹਿਲਾਂ ਵਿਲੀਅਮਜ਼ ਨੇ ਪਿਛਲੇ ਸਾਲ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਮਾਮਲੇ ’ਚ ਸਹਿ-ਸਾਜ਼ਿਸ਼ਕਾਰ ਬਣਾਇਆ ਸੀ। ਨਿਖਿਲ ਨੂੰ ਚੈੱਕ ਗਣਰਾਜ ਤੋਂ ਜੂਨ ’ਚ ਅਮਰੀਕਾ ਲਿਆਂਦਾ ਗਿਆ ਸੀ ਅਤੇ ਉਸ ਦਾ ਨਿਊ ਯੌਰਕ ਅਦਾਲਤ ਦੇ ਸਦਰਨ ਡਿਸਟ੍ਰਿਕਟ ’ਚ ਵੱਖਰੇ ਤੌਰ ’ਤੇ ਮੁਕੱਦਮਾ ਚੱਲ ਰਿਹਾ ਹੈ। ਉਸ ਨੇ ਆਪਣੇ ’ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਅਤੇ ਮਾਮਲੇ ਦੀ ਸੁਣਵਾਈ ਅਗਲੇ ਸਾਲ 19 ਜਨਵਰੀ ਨੂੰ ਹੋਵੇਗੀ। ਜੇ ਵਿਲੀਅਮਜ਼ ਅਸਤੀਫ਼ਾ ਦੇ ਦਿੰਦਾ ਹੈ ਤਾਂ ਵੀ ਉਸ ਦੇ ਦਫ਼ਤਰ ਦੇ ਵਕੀਲ ਨਵੇਂ ਅਟਾਰਨੀ ਜਨਰਲ ਦੇ ਅਹੁਦਾ ਸੰਭਾਲਣ ਤਕ ਪੈਰਵੀ ਜਾਰੀ ਰਖਣਗੇ।

# ਨਾਈਜੀਰੀਆ ’ਚ ਹਰ ਸਾਲ ਏਡਜ਼ ਨਾਲ ਹੁੰਦੀਆਂ ਹਨ 15 ਹਜ਼ਾਰ ਮੌਤਾਂ




ਅਬੂਜਾ, 20 ਨਵੰਬਰ (ਪ੍ਰਤੀਨਿਧੀ) : ਨਾਈਜੀਰੀਆ ਵਿੱਚ ਹਰ ਸਾਲ ਘੱਟੋ-ਘੱਟ 15,000 ਲੋਕ ਐਕਵਾਇਰਡ ਇਮਯੂਨੋ ਡੈਫ਼ੀਸ਼ੈਂਸੀ ਸਿੰਡਰੋਮ (ਏਡਜ਼) ਨਾਲ ਮਰਦੇ ਹਨ। ਇਸ ਸਭ ਤੋਂ ਵੱਧ ਆਬਾਦੀ ਵਾਲੇ ਅਫ਼ਰੀਕੀ ਦੇਸ਼ ਵਿੱਚ ਸਰਕਾਰ ਇਸ ਘਾਤਕ ਬਿਮਾਰੀ ਨੂੰ ਫ਼ੈਲਣ ਤੋਂ ਰੋਕਣ ਲਈ ਯਤਨ ਕਰ ਰਹੀ ਹੈ। ਨੈਸ਼ਨਲ ਏਡਜ਼ ਕੰਟਰੋਲ ਏਜੰਸੀ (ਐੱਨ.ਏ.ਸੀ.ਏ.) ਦੇ ਮੁੱਖੀ ਟੈਮੀਟੋਪ ਇਲੋਗੀ ਨੇ ਦੱਖਣ-ਪੱਛਮੀ ਓਗੁਨ ਰਾਜ ਦੀ ਰਾਜਧਾਨੀ ਅਬੋਕੁਟਾ ਵਿੱਚ ਇੱਕ ਸਮਾਗਮ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਾਲ ਹੁਣ ਤਕ ਹਿਊਮਨ ਇਮਯੂਨੋ ਡੈਫ਼ੀਸ਼ੈਂਸੀ ਵਾਇਰਸ (ਐੱਚ.ਆਈ.ਵੀ.) ਦੇ 22,000 ਤੋਂ ਵੱਧ ਨਵੇਂ ਮਾਮਲੇ ਸਾਹਮਣੇ ਆਏ ਹਨ, ਜੋ ਕਿ ਏਡਜ਼ ਦੇ ਸ਼ੁਰੂਆਤੀ ਪੜਾਅ ’ਤ ਸਰੀਰ ਦੇ ਇਮਿਊਨ ਸਿਸਟਮ ’ਤ ਹਮਲਾ ਕਰਦਾ ਹੈ। ਇਲੋਗੀ ਨੇ ਦੇਸ਼ ਵਿੱਚ ਫ਼ੈਲਣ ਦੀਆਂ ਦਰਾਂ ਵਿੱਚ ਵਾਧੇ ਦਾ ਹਵਾਲਾ ਦਿੰਦੇ ਹੋਏ ਕਿਹਾ, ‘0 ਤੋਂ 14 ਸਾਲ ਦੀ ਉਮਰ ਦੇ ਲੱਗਭਗ 140,000 ਬੱਚੇ ਐੱਚ.ਆਈ.ਵੀ. ਨਾਲ ਜੀਅ ਰਹੇ ਹਨ।’ ਅਧਿਕਾਰੀ ਨੇ ਕਿਹਾ ਕਿ ਨਾਈਜੀਰੀਆ ਨੂੰ ਮਾਂ ਤੋਂ ਬੱਚੇ ਵਿੱਚ ਬਿਮਾਰੀ ਦੇ ਸੰਚਾਰ ਨੂੰ ਰੋਕਣ ਵਿੱਚ ਗੰਭੀਰ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਬਿਮਾਰੀ ਦੇ ਫ਼ੈਲਣ ਨੂੰ ਰੋਕਣ ਵਿੱਚ ਅਸਫ਼ਲਤਾ ’ਤੇ ਅਫ਼ਸੋਸ ਪ੍ਰਗਟ ਕੀਤਾ। ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ 2023 ਵਿੱਚ ਇਕੱਲੇ ਨਾਈਜੀਰੀਆ ਵਿੱਚ 75,000 ਨਵੇਂ ਐੱਚ.ਆਈ.ਵੀ. ਸੰਕਰਮਣ ਅਤੇ 45,000 ਐੱਚ.ਆਈ.ਵੀ./ਏਡਜ਼ ਨਾਲ ਸਬੰਧਤ ਮੌਤਾਂ ਹੋਈਆਂ ਹਨ।

# ਬ੍ਰਿਟੇਨ ਦੀ ਸੰਸਦ ’ਚ ਸਿੱਖ ਨੇ ਰਚਿਆ ਇਤਿਹਾਸ

ਲੰਡਨ, 20 ਨਵੰਬਰ (ਪ੍ਰਤੀਨਿਧੀ) : ਯੂਰਪ ਅਤੇ ਬ੍ਰਿਟੇਨ ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਲਾਰਡ ਇੰਦਰਜੀਤ ਸਿੰਘ ਵਲੋਂ ਸੰਸਦ ’ਚ ਮਹੱਤਵਪੂਰਨ ਭੂਮਿਕਾ ਨਿਭਾਉਣ ਅਤੇ ਯੂ. ਕੇ. ਲਈ ਬਿਹਤਰ ਲੋਕ ਸੇਵਾਵਾਂ ਦੇਣ ਦੇ ਯੋਗਦਾਨ ਵਜੋਂ ਉਨ੍ਹਾਂ ਦੀ ਤਸਵੀਰ ਵੈਸਟਮਿੰਸਟਰ ਲੰਡਨ ਸਥਿਤ ਬ੍ਰਿਟੇਨ ਦੀ ਸੰਸਦ ਦੇ ਉਪਰਲੇ ਸਦਨ ‘ਹਾਊਸ ਔਫ਼ ਲਾਰਡਜ਼’ ਦੇ ਬਿਸ਼ਪ ਕੌਰੀਡੋਰ ’ਚ ਸਥਾਪਤ ਕੀਤੀ ਗਈ ਹੈ। ਇਤਿਹਾਸ ’ਚ ਇਹ ਪਹਿਲੀ ਵਾਰ ਹੈ ਕਿ ਬ੍ਰਿਟੇਨ ਦੀ ਸੰਸਦ ’ਚ ਕਿਸੇ ਸਿੱਖ ਦੀ ਤਸਵੀਰ ਲਗਾਈ ਗਈ ਹੈ। ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਦੀ ਘੁੰਡ ਚੁਕਾਈ ਸਮਾਰੋਹ ’ਚ ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ’ਚ ਹੇਠਲੇ ਸਦਨ ‘ਹਾਊਸ ਔਫ਼ ਕਾਮਨਜ਼’ ਦੇ ਸਲੋਹ ਹਲਕੇ ਤੋਂ ਪਹਿਲੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ, ਲਾਰਡ ਕੁਲਦੀਪ ਸਿੰਘ ਸਹੋਤਾ, ਸੰਸਦ ਮੈਂਬਰ ਜਸ ਅਠਵਾਲ, ਸੰਸਦ ਮੈਂਬਰ ਕਿਰਥ ਐਂਟਵਿਸਲ, ਸੰਸਦ ਮੈਂਬਰ ਰਿਚਰਡ ਬੇਕਨ, ਸੰਸਦ ਮੈਂਬਰ ਭਗਤ ਸਿੰਘ ਸ਼ੰਕਰ ਅਤੇ ਲੇਡੀ ਸਿੰਘ ਕੰਵਲਜੀਤ ਕੌਰ ਓ.ਬੀ.ਈ. ਸਮੇਤ ਉਨ੍ਹਾਂ ਦੇ ਪਰਿਵਾਰ ਅਤੇ ਦੋਸਤ ਵੀ ਹਾਜ਼ਰ ਸਨ।



ਇਸ ਮੌਕੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਸਦ ’ਚ ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਲਾਉਣੀ ਇੱਕ ਇਤਿਹਾਸਕ ਕਦਮ ਹੈ ਅਤੇ ਇਹ ਤਸਵੀਰ ਇਸ ਇਤਿਹਾਸਕ ਸੰਸਦ ਭਵਨ ਦੇ ਸਭ ਸੰਸਦ ਮੈਂਬਰਾਂ ਅਤੇ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣੇਗਾ।

ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਦੇ ਖਜ਼ਾਨਚੀ, ਪੁੱਡੂਚੇਰੀ ਤੋਂ ਹਰਸ਼ਰਨ ਸਿੰਘ, ਸਾਬਕਾ ਮੇਅਰ ਜੋਗਿੰਦਰ ਸਿੰਘ ਬੱਲ, ਸਾਬਕਾ ਕੌਂਸਲਰ ਕਮਲਜੀਤ ਕੌਰ, ਜੀ.ਐੱਸ.ਸੀ. ਦੇ ਡਿਪਟੀ ਪ੍ਰਧਾਨ ਰਾਮ ਸਿੰਘ, ਜੀ.ਐੱਸ.ਸੀ. ਦੇ ਸਕੱਤਰ ਹਰਜੀਤ ਸਿੰਘ ਗਰੇਵਾਲ, ਸਿੱਖ ਪ੍ਰਚਾਰ ਕਮੇਟੀ ਦੇ ਚੇਅਰਮੈਨ, ਰਾਜਿੰਦਰ ਸਿੰਘ ਨੇ ਇਸ ਪ੍ਰਾਪਤੀ ’ਤੇ ਦੂਰਦਰਸ਼ੀ ਨੇਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਯੂ.ਕੇ. ਦੀ ਸੰਸਦ ’ਚ ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਲਗਾਈ ਜਾਣੀ ਸਮੁੱਚੀ ਸਿੱਖ ਕੌਮ ਅਤੇ ਪੰਜਾਬੀ ਸਮਾਜ ਲਈ ਬਹੁਤ ਮਾਣ ਵਾਲੀ ਗੱਲ ਹੈ।

ਲਾਰਡ ਇੰਦਰਜੀਤ ਸਿੰਘ (92) ਸੀ.ਬੀ.ਈ. ਸਾਲ 2011 ਤੋਂ ਹਾਊਸ ਔਫ਼ ਲਾਰਡਜ਼ ਦੇ ਮੈਂਬਰ ਹਨ। ਉਹ ਸਭ ਮਹੱਤਵਪੂਰਨ ਮੌਕਿਆਂ ’ਤੇ ਸਿੱਖਾਂ ਦੀ ਪ੍ਰਤੀਨਿੱਧਤਾ ਕਰਦੇ ਆ ਰਹੇ ਹਨ, ਜਿਨ੍ਹਾਂ ’ਚ ਰਾਜ ਕੁਮਾਰਾਂ ਦੀਆਂ ਸ਼ਾਦੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਮਹਾਰਾਜਾ ਚਾਰਲਜ਼ ਤੀਜੇ ਦੇ ਰਾਜ ਤਿਲਕ ਸਮਾਰੋਹ ’ਚ ਇੱਕ ਵਿਲੱਖਣ ਮੌਕਾ ਮਿਲਿਆ, ਜਦੋਂ ਉਨ੍ਹਾਂ ਨੇ ਮਹਾਰਾਜੇ ਨੂੰ ਦਸਤਾਨੇ ਭੇਟ ਕੀਤੇ, ਜੋ ਉਨ੍ਹਾਂ ਦੇ ਰਾਜ ’ਚ ਵੱਸਦੇ ਲੋਕਾਂ ਪ੍ਰਤੀ ਨਰਮਦਿਲੀ ਅਤੇ ਬਿਹਤਰ ਸੋਚ-ਵਿਚਾਰ ਦਾ ਪ੍ਰਤੀਕ ਸਨ।

# ਡੋਨਾਲਡ ਟਰੰਪ ਨੇ ਕ੍ਰਿਸ ਰਾਈਟ ਨੂੰ ਊਰਜਾ ਮੰਤਰੀ ਵਜੋਂ ਕੀਤਾ ਨਾਮਜ਼ਦ




ਵਾਸ਼ਿੰਗਟਨ, 20 ਨਵੰਬਰ (ਪ੍ਰਤੀਨਿਧੀ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ‘ਲਿਬਰਟੀ ਐਨਰਜੀ’ ਦੇ ਮੁੱਖ ਕਾਰਜਕਾਰੀ ਅਧਿਕਾਰੀ ਕ੍ਰਿਸ ਰਾਈਟ ਨੂੰ ਊਰਜਾ ਮੰਤਰੀ ਵਜੋਂ ਨਾਮਜ਼ਦ ਕੀਤਾ ਹੈ। ਡੇਨਵਰ ਸਥਿਤ ਲਿਬਰਟੀ ਐਨਰਜੀ ਊਰਜਾ ਖੇਤਰ ’ਚ ਇੱਕ ਵੱਡੀ ਕੰਪਨੀ ਹੈ।

ਰਾਈਟ ਨੇ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਦੇ ਯਤਨਾਂ ’ਤੇ ਹਮੇਸ਼ਾ ਸਪੱਸ਼ਟ ਤੌਰ ’ਤੇ ਬੋਲਿਆ ਹੈ ਅਤੇ ਉਹ ਜੈਵਿਕ ਈਂਧਨ ਨੂੰ ਉਤਸ਼ਾਹਿਤ ਕਰ ਸਕਦੇ ਹਨ, ਜਿਨ੍ਹਾਂ ’ਚ ਕੁਦਰਤੀ ਗੈਸ ਨਿਰਯਾਤ ਪ੍ਰਵਾਨਗੀਆਂ ’ਤੇ ਬਾਈਡੇਨ ਪ੍ਰਸ਼ਾਸ਼ਨ ਦੀ ਇੱਕ ਸਾਲ ਦੀ ਰੋਕ ਨੂੰ ਖ਼ਤਮ ਕਰਨ ਲਈ ਕਾਰਵਾਈ ਵੀ ਸ਼ਾਮਲ ਹੈ।

ਰਾਈਟ ਨੂੰ ਊਰਜਾ ਮੰਤਰਾਲਾ ਦਾ ਮੁੱਖੀ ਨਿਯੁਕਤ ਕਰਨ ਦੇ ਫ਼ੈਸਲੇ ਦਾ ਤੇਲ ਅਤੇ ਗੈਸ ਕਾਰੋਬਾਰੀ ਹੈਰੋਲਡ ਹੈਮ ਨੇ ਵੀ ਸਮਰਥਨ ਕੀਤਾ ਹੈ। ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਜੌਨ ਬੈਰਾਸੋ ਨੇ ਕ੍ਰਿਸ ਦੀ ਮਨਜ਼ੂਰੀ ਨੂੰ ਜਾਇਜ਼ ਠਹਿਰਾਇਆ ਹੈ। ਬੈਰਾਸੋ ਨੂੰ ਊਰਜਾ ਅਤੇ ਕੁਦਰਤੀ ਸਰੋਤ ਕਮੇਟੀ ਦਾ ਚੇਅਰ ਨਿਯੁਕਤ ਕੀਤਾ ਜਾ ਸਕਦਾ ਹੈ।

# ਸਾਊਦੀ ਅਰਬ ਨੇ ਇਸ ਸਾਲ ਹੁਣ ਤੱਕ 100 ਤੋਂ ਵੱਧ ਵਿਦੇਸ਼ੀਆਂ ਨੂੰ ਦਿੱਤੀ ਸਜ਼ਾ-ਏ-ਮੌਤ

ਰਿਆਦ, 20 ਨਵੰਬਰ (ਪ੍ਰਤੀਨਿਧੀ) : ਸਾਊਦੀ ਅਰਬ ਨੇ ਇਸ ਸਾਲ 100 ਤੋਂ ਵੱਧ ਵਿਦੇਸ਼ੀ ਨਾਗਰਿਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਹੈ। ਹਾਲ ਹੀ ਵਿੱਚ ਯਮਨ ਦੇ ਇੱਕ ਨਾਗਰਿਕ ਨੂੰ ਮੱਧ ਪੂਰਬ ਦੇ ਰਾਜ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੇ ਦੋਸ਼ ਵਿੱਚ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇਸ ਦੇ ਨਾਲ 2024 ਵਿੱਚ ਸਾਊਦੀ ਅਰਬ ਵਲੋਂ ਕੁੱਲ 101 ਵਿਦੇਸ਼ੀਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਏ.ਐੱਫ਼.ਪੀ. ਦੀ ਰਿਪੋਰਟ ਮੁਤਾਬਕ ਇਹ ਅੰਕੜਾਂ 2023 ਅਤੇ 2022 ਦੇ ਅੰਕੜਿਆਂ ਨਾਲੋਂ 3 ਗੁਣਾ ਜ਼ਿਆਦਾ ਹੈ, ਜਦੋਂ ਅਧਿਕਾਰੀਆਂ ਨੇ ਹਰ ਸਾਲ 34 ਵਿਦੇਸ਼ੀ ਨਾਗਰਿਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ। ਰਿਪੋਰਟ ਮੁਤਾਬਕ ਇਸ ਸਾਲ ਫ਼ਾਂਸੀ ਦਿੱਤੇ ਗਏ ਵਿਦੇਸ਼ੀਆਂ ’ਚ ਪਾਕਿਸਤਾਨ ਦੇ 21, ਯਮਨ ਦੇ 20, ਸੀਰੀਆ ਦੇ 14, ਨਾਈਜੀਰੀਆ ਦੇ 10, ਮਿਸਰ ਦੇ 9, ਜਾਰਡਨ ਦੇ 8, ਇਥੋਪੀਆ ਦੇ 7 ਅਤੇ ਸੂਡਾਨ, ਭਾਰਤ, ਅਫ਼ਗਾਨਿਸਤਾਨ ਤੋਂ 3-3 ਅਤੇ ਸ਼੍ਰੀਲੰਕਾ, ਇਰੀਟ੍ਰੀਆ ਅਤੇ ਫ਼ਿਲੀਪੀਨਜ਼ ਤੋਂ 1-1 ਸਨ।



ਬਰਲਿਨ ਸਥਿਤ ਯੂਰਪੀਅਨ-ਸਾਊਦੀ ਆਰਗੇਨਾਈਜੇਸ਼ਨ ਫ਼ਾਰ ਹਿਊਮਨ ਰਾਈਟਸ (ਈ.ਐੱਸ.ਓ.ਐੱਚ.ਆਰ.) ਦੇ ਕਾਨੂੰਨੀ ਨਿਰਦੇਸ਼ਕ ਤਾਹਾ ਅਲ-ਹਾਜੀ ਮੁਤਾਬਕ, ‘ਇਹ ਇੱਕ ਸਾਲ ਵਿੱਚ ਵਿਦੇਸ਼ੀ ਲੋਕਾਂ ਨੂੰ ਫ਼ਾਂਸੀ ਦਿੱਤੇ ਜਾਣ ਦੀ ਸਭ ਤੋਂ ਵੱਡੀ ਗਿਣਤੀ ਹੈ। ਇਸ ਤੋਂ ਪਹਿਲਾਂ ਸਾਊਦੀ ਅਰਬ ਨੇ ਇੱਕ ਸਾਲ ਵਿੱਚ ਕਦੇ ਵੀ 100 ਵਿਦੇਸ਼ੀਆਂ ਨੂੰ ਫ਼ਾਂਸੀ ਨਹੀਂ ਦਿੱਤੀ ਹੈ।’ ਉੱਥੇ ਹੀ ਮਨੁੱਖੀ ਅਧਿਕਾਰ ਸਮੂਹਾਂ ਨੇ ਮੌਤ ਦੀ ਸਜ਼ਾ ਦੀ ਵਰਤੋਂ ’ਤੇ ਸਾਊਦੀ ਅਰਬ ਦੀ ਆਲੋਚਨਾ ਕੀਤੀ ਹੈ। ਐਮਨੈਸਟੀ ਇੰਟਰਨੈਸ਼ਨਲ ਦੇ ਅਨੁਸਾਰ, ਸਾਊਦੀ ਅਰਬ ਨੇ 2023 ਵਿੱਚ ਚੀਨ ਅਤੇ ਇਰਾਨ ਤੋਂ ਬਾਅਦ ਤੀਜੇ ਸਭ ਤੋਂ ਵੱਧ ਕੈਦੀਆਂ ਨੂੰ ਫ਼ਾਂਸੀ ਦਿੱਤੀ। ਇਸ ਸਾਲ ਖਾੜੀ ਦੇਸ਼ ਨੇ 3 ਦਹਾਕਿਆਂ ਤੋਂ ਵੱਧ ਸਮੇਂ ਵਿੱਚ ਵੱਡੀ ਗਿਣਤੀ ਵਿੱਚ ਫ਼ਾਂਸੀ ਦੀ ਸਜ਼ਾ ਦਿੱਤੀ। ਸਾਲ 1995 ਸਾਊਦੀ ਅਰਬ ਨੇ 192 ਲੋਕਾਂ ਨੂੰ ਫ਼ਾਂਸੀ ਦਿੱਤੀ ਸੀ ਅਤੇ 2022 ਵਿੱਚ 196 ਲੋਕਾਂ ਨੂੰ ਫ਼ਾਂਸੀ ਦਿੱਤੀ ਸੀ।

# ਪਾਕਿਸਤਾਨ ’ਚ ਨਨਕਾਣਾ ਸਾਹਿਬ ਜਾ ਰਹੇ ਹਿੰਦੂ ਸ਼ਰਧਾਲੂ ਦਾ ਗੋਲੀਆਂ ਮਾਰ ਕੇ ਕਤਲ



ਲਾਹੌਰ, 20 ਨਵੰਬਰ (ਪ੍ਰਤੀਨਿਧੀ) : ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਨਨਕਾਣਾ ਸਾਹਿਬ ਜਾ ਰਹੇ ਪਾਕਿਸਤਾਨੀ ਹਿੰਦੂ ਸ਼ਰਧਾਲੂ ਦਾ ਲੁਟੇਰਿਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਸਿੰਧ ਸੂਬੇ ਦੇ ਲਰਕਾਣਾ ਸ਼ਹਿਰ ਦਾ ਵਸਨੀਕ ਰਾਜੇਸ਼ ਕੁਮਾਰ ਆਪਣੇ ਦੋਸਤ ਅਤੇ ਇੱਕ ਰਿਸ਼ਤੇਦਾਰ ਨਾਲ ਕਾਰ ਰਾਹੀਂ ਲਾਹੌਰ ਤੋਂ ਨਨਕਾਣਾ ਸਾਹਿਬ ਜਾ ਰਿਹਾ ਸੀ ਤਾਂ ਲਾਹੌਰ ਤੋਂ ਤਕਰੀਬਨ 60 ਕਿਲੋਮੀਟਰ ਦੂਰ ਮਾਨਾਂਵਾਲਾ-ਨਨਕਾਣਾ ਸਾਹਿਬ ਰੋਡ ’ਤ 3 ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਲਿਆ।

ਪੁਲੀਸ ਮੁਤਾਬਕ, ਬੰਦੂਕਧਾਰੀਆਂ ਨੇ ਤਿੰਨਾਂ ਤੋਂ 4,50,000 ਅਤੇ ਡਰਾਈਵਰ ਤੋਂ 10,000 ਪਾਕਿਸਤਾਨੀ ਰੁਪਏ ਖੋਹ ਲਏ। ਜਦੋਂ ਕੁਮਾਰ ਨੇ ਵਿਰੋਧ ਕੀਤਾ ਤਾਂ ਲੁਟੇਰਿਆਂ ਨੇ ਉਸ ’ਤੇ ਗੋਲੀਆਂ ਚਲਾ ਦਿੱਤੀਆਂ ਅਤੇ ਭੱਜ ਗਏ। ਹੋਈ ਲੁੱਟ-ਖੋਹ ਅਤੇ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਕੁਮਾਰ ਨੂੰ ਗੰਭੀਰ ਹਾਲਤ ’ਚ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਕੁਮਾਰ ਦੇ ਜੀਜੇ ਦੀ ਸ਼ਿਕਾਇਤ ’ਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਪਾਕਿਸਤਾਨ ਪੀਨਲ ਕੋਡ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

